## ਇਕ ਦਿਨਾਂ ਟੂਰ ਲਿਜਾਣ ਲਈ ਸਕੂਲ ਮੁਖੀ ਨੂੰ ਪੱਤਰ ਲਿਖੋ।

ਸੇਵਾ ਵਿਖੇ

ਮੁੱਖ-ਅਧਿਆਪਕ ਜੀ,
ਸਰਕਾਰੀ ...... ਸਕੂਲ,
.............. ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਆਉਂਦੇ ਸ਼ਨਿੱਚਰ ਵਾਰ ਚੰਡੀਗੜ੍ਹ ਟੂਰ 'ਤੇ ਜਾਣਾ ਚਾਹੁੰਦੇ ਹਾਂ।

ਚੰਡੀਗੜ੍ਹ ਅਸੀਂ ਕੁਝ ਥਾਵਾਂ ਦੇਖਣੀਆਂ ਚਾਹੁੰਦੇ ਹਾਂ, ਜਿਵੇਂ : ਸਕੱਤਰੇਤ, ਵਿਧਾਨ ਸਭਾ ਭਵਨ, ਹਾਈ ਕੋਰਟ, ਰੋਜ਼ ਗਾਰਡਨ, ਰੌਕ-ਗਾਰਡਨ, ਸੁਖਨਾ ਝੀਲ, ਮਿਊਜ਼ੀਅਮ ਆਦਿ। ਚੰਡੀਗੜ੍ਹ ਤੋਂ ਆਉਂਦੇ ਸਮੇਂ ਅਸੀਂ ਛੱਤ-ਬੀੜ ਵੀ ਦੇਖਾਂਗੇ।

ਆਸ ਹੈ ਕਿ ਆਪ ਸਾਨੂੰ ਇਸ ਟੂਰ 'ਤੇ ਜਾਣ ਦੀ ਇਜਾਜ਼ਤ ਦੇਵੋਗੇ। ਸਾਡੇ ਨਾਲ ਸਾਡੇ ਪੰਜਾਬੀ ਦੇ ਅਧਿਆਪਕ ਜੀ ਨੇ ਜਾਣਾ ਸਵੀਕਾਰ ਕਰ ਲਿਆ ਹੈ।

ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਆਗਿਆਕਾਰੀ,
ਅੱਠਵੀਂ ਕਲਾਸ ਦੇ
ਵਿਦਿਆਰਥੀ ।

ਮਿਤੀ: ..................

Scanned by CamScanner

# ਆਪਣੇ ਪਿਤਾ ਜੀ ਨੂੰ ਵਿਦਿਅਕ ਟੂਰ ਦਾ ਹਾਲ ਇੱਕ ਪੱਤਰ ਰਾਹੀਂ ਲਿਖੋ।

ਕੱਬਰਵੱਛਾ।
15 ਨਵੰਬਰ, 2012.

ਸਤਿਕਾਰਯੋਗ ਪਿਤਾ ਜੀ,

ਆਦਰ ਭਰੀ ਨਮਸਕਾਰ।

ਬੀਤੇ ਮਹੀਨੇ ਸਾਡੇ ਸਕੂਲ ਤੋਂ ਅਧਿਆਪਕ ਸਾਹਿਬ ਦੀ ਅਗਵਾਈ ਹੇਠ 10 ਵਿਦਿਆਰਥੀਆਂ ਦਾ ਇੱਕ ਗਰੁੱਪ ਭਾਖੜਾ ਡੈਮ ਦੀ ਸੈਰ ਕਰਨ ਲਈ ਗਿਆ। ਅਸੀਂ ਇੱਕ ਗੱਡੀ ਕਿਰਾਏ ਉੱਤੇ ਲਈ ਤੇ ਕੁਝ ਘੰਟਿਆਂ ਵਿੱਚ ਨੰਗਲ ਪਾਰ ਕਰ ਗਏ। ਕੁਝ ਦੂਰ ਜਾ ਕੇ ਸਾਨੂੰ ਅੱਗੇ ਭਾਖੜਾ ਡੈਮ ਦੂਰੋਂ ਦਿਸਣ ਲੱਗ ਪਿਆ। ਅਖੀਰ ਅਸੀਂ ਹਰੇ-ਭਰੇ ਉਸ ਥਾਂ ਉੱਤੇ ਪਹੁੰਚ ਗਏ, ਜਿੱਥੇ ਸਤਲੁਜ ਦਰਿਆ ਉੱਤੇ ਇਹ ਬੰਨ੍ਹ ਬਣਿਆ ਹੋਇਆ ਹੈ। ਇੱਥੇ ਸਕਿਉਰਿਟੀ ਵਾਲਿਆਂ ਨੇ ਸਾਨੂੰ ਚੈੱਕ ਕੀਤਾ ਤੇ ਅੱਗੇ ਜਾਣ ਦਿੱਤਾ। ਡੈਮ ਦੇ ਉੱਤੇ ਪਹੁੰਚ ਕੇ ਅਧਿਆਪਕ ਜੀ ਨੇ ਸਾਨੂੰ ਦੱਸਿਆ ਕਿ ਇਹ ਏਸ਼ੀਆ ਦਾ ਸਭ ਤੋਂ ਉੱਚਾ ਬੰਨ੍ਹ ਹੈ ਤੇ ਭਾਰਤ ਵਿੱਚ ਬਣਿਆ ਇਹ ਇੰਨਾ ਪੱਕਾ ਬੰਨ ਹੈ ਕਿ ਇਸ ਉੱਪਰ ਭੂਚਾਲ, ਹੜ੍ਹ ਜਾਂ ਕਿਸੇ ਤੋੜ-ਫੋੜ ਦਾ ਅਸਰ ਨਹੀਂ ਹੋ ਸਕਦਾ। ਇਹ ਸਮੁੰਦਰ ਤਲ ਤੋਂ 225.55 ਮੀਟਰ ਉੱਚਾ ਹੈ। ਇਸ ਦੀ ਲੰਬਾਈ 518 ਮੀਟਰ ਹੈ। ਇਸ ਦੇ ਪਰਲੇ ਪਾਸੇ ਇੱਕ ਵੱਡੀ ਝੀਲ ਬਣਾਈ ਗਈ ਹੈ, ਜਿਸ ਵਿੱਚ 96210 ਲੱਖ ਕਿਊਬਿਕ ਮੀਟਰ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ ਤੇ ਇਸ ਝੀਲ ਦਾ ਨਾਂ ਗੋਬਿੰਦ-ਸਾਗਰ ਹੈ।

ਅਧਿਆਪਕ ਜੀ ਨੇ ਦੱਸਿਆ ਕਿ ਇਸ ਬੰਨ੍ਹ ਦਾ ਉਦਘਾਟਨ ਕਰਨ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਸਨੂੰ 'ਭਾਰਤ ਦੇ ਪੁਨਰ ਉਥਾਨ ਦਾ ਮੰਦਰ' ਕਿਹਾ ਸੀ।

ਅਸੀਂ ਫਿਰ ਤੁਰ ਕੇ ਇਸ ਡੈਮ ਨੂੰ ਵੇਖਿਆ। ਬਹੁਤ

Scanned by CamScanner

ਸਾਰੇ ਹੋਰ ਯਾਤਰੀ ਵੀ ਉੱਥੇ ਆਏ ਹੋਏ ਸਨ। ਕਈ ਪਿਕਨਿਕ ਮਨਾ ਰਹੇ ਸਨ। ਕੁਝ ਕਿਸ਼ਤੀਆਂ ਵਿੱਚ ਸੈਰ ਵੀ ਕਰ ਰਹੇ ਸਨ।

ਅਧਿਆਪਕ ਜੀ ਨੇ ਦੱਸਿਆ ਕਿ ਇਸਦਾ ਕੰਟੋਰਲ ਭਾਖੜਾ ਮੈਨੇਜਮੈਂਟ ਬੋਰਡ ਕੋਲ ਹੈ। ਇਸ ਬੰਨ੍ਹ ਨਾਲ਼ ਦਰਿਆ ਦੇ ਪਾਣੀ ਨੂੰ ਰੋਕ ਕੇ ਮੈਦਾਨੀ ਤੇ ਰੇਗਸਤਾਨੀ ਇਲਾਕੇ ਨੂੰ ਸਿੰਜਣ ਲਈ ਬਹੁਤ ਸਾਰੀਆਂ ਨਹਿਰਾਂ ਕੱਢੀਆਂ ਹਨ ਤੇ ਟਰਬਾਈਨਾਂ ਚਲਾ ਕੇ ਬਿਜਲੀ ਪੈਦਾ ਕੀਤੀ ਗਈ ਹੈ, ਜਿਸ ਨਾਲ਼ ਸ਼ਹਿਰ ਤੇ ਪਿੰਡ ਜਗਮਗਾ ਉੱਠੇ ਹਨ ਤੇ ਉਦਯੋਗਾਂ ਨੂੰ ਖ਼ੂਬ ਹੁਲਾਰਾ ਮਿਲਿਆ ਹੈ।

ਇਸ ਤਰ੍ਹਾਂ ਕੋਈ ਤਿੰਨ ਘੰਟੇ ਉੱਥੇ ਗੁਜ਼ਾਰਨ ਮਗਰੋਂ ਅਸੀਂ ਵਾਪਸ ਪਰਤ ਆਏ।

ਆਪ ਦਾ ਪਿਆਰਾ ਸਪੁੱਤਰ,

--------।

ਆਪਣੇ ਜਨਮ ਦਿਨ 'ਤੇ ਆਪਣੇ ਮਾਮਾ ਜੀ ਨੂੰ ਸੱਦਾ ਪੱਤਰ ਭੇਜੋ।

ਕੱਥਰਵੱਛਾ।
21 ਅਕਤੂਬਰ, 2013.

ਸਤਿਕਾਰ ਯੋਗ ਮਾਮਾ ਜੀ,

ਸਤਿ ਸ੍ਰੀ ਅਕਾਲ!

ਆਪ ਜੀ ਨੂੰ ਇਹ ਜਾਣ ਕੇ ਬੇਹੱਦ ਖ਼ੁਸ਼ੀ ਹੋਵੇਗੀ ਕਿ ਅਸੀਂ ਆਪਣੇ ਘਰ ਮੇਰੇ 13 ਵੇਂ ਜਨਮ-ਦਿਨ ਦੀ ਖ਼ੁਸ਼ੀ ਵਿੱਚ 15 ਨਵੰਬਰ ਨੂੰ ਸ੍ਰੀ ਅਖੰਡ-ਪਾਠ ਪ੍ਰਾਰੰਭ ਕਰਵਾਉਣਾ ਹੈ, ਜਿਸ ਦਾ ਭੋਗ 17 ਨਵੰਬਰ ਦਿਨ ਐਤਵਾਰ ਸਵੇਰੇ ਗਿਆਰਾਂ ਵਜੇ ਪਵੇਗਾ।

ਭੋਗ ਤੋਂ ਬਾਦ ਜਨਮ ਦਿਨ ਦਾ ਕੇਕ ਵੀ ਕੱਟਿਆ ਜਾਵੇਗਾ। ਅਜਿਹੇ ਮੌਕੇ ਆਪ ਜਿਹੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਹੀ ਸ਼ੋਭਦੇ ਹਨ। ਇਸ ਲਈ ਆਪ ਜੀ ਨੇ ਸਾਰੇ ਪ੍ਰੀਵਾਰ ਸਹਿਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ।

ਸਤਿਕਾਰਤ ਮਾਮੀ ਜੀ ਨੂੰ ਚਰਨਬੰਦਨਾ।

ਆਪ ਜੀ ਦਾ ਪਿਆਰਾ ਭਾਣਜਾ,
ਹਰਜਾਪ ਸਿੰਘ।

Scanned by CamScanner

ਪਿਤਾ ਜੀ ਨੂੰ ਚਿੱਠੀ ਲਿਖ ਕੇ ਉਹਨਾਂ ਨੂੰ ਪੈਸੇ ਭੇਜਣ ਲਈ ਬੇਨਤੀ ਕਰੋ।

ਸਰਕਾਰੀ ਮਿਡਲ ਸਕੂਲ,
. . . . . . . . . . .।
25 ਜੁਲਾਈ, 20....

ਸਤਿਕਾਰ ਯੋਗ ਪਿਤਾ ਜੀ,

ਸਤਿ ਸ੍ਰੀ ਅਕਾਲ।

ਆਪ ਜੀ ਦਾ ਪੱਤਰ ਮਿਲਿਆ। ਮੈਂ ਦੇਰੀ ਨਾਲ ਪੱਤਰ ਲਿਖਣ ਲਈ ਮਾਫ਼ੀ ਚਾਹੁੰਦਾ ਹਾਂ। ਮੈਂ ਖੇਡਾਂ ਸੰਬੰਧੀ ਕੈਂਪ ਵਿੱਚ ਰੁੱਝਿਆ ਹੋਇਆ ਸੀ। 02 ਅਗਸਤ ਤੋਂ ਰਾਜ ਪੱਧਰ ਦੀਆਂ ਖੇਡਾਂ ਸ਼ੁਰੂ ਹੋ ਰਹੀਆਂ ਹਨ ਅਤੇ ਮੈਂ ਵੀ ਖੇਡਾਂ ਵਿਚ ਹਿੱਸਾ ਲੈਣਾ ਹੈ। ਇਸ ਕਰਕੇ ਮੈਂ ਖੇਡ-ਕਿੱਟ ਅਤੇ ਨਵੀਂ ਵਰਦੀ ਖ਼ਰੀਦਣੀ ਹੈ। ਇਸ ਲਈ ਮੈਨੂੰ 1500 ਰੁਪਏ ਦੀ ਜ਼ਰੂਰਤ ਹੈ।

ਕ੍ਰਿਪਾ ਕਰਕੇ ਮੈਨੂੰ ਮਨੀਆਰਡਰ ਰਾਹੀਂ 1500 ਰੁਪਏ ਭੇਜਣ ਦੀ ਖੇਚਲ ਕਰਨੀ ਜਾਂ ਮੇਰੇ ਬੈਂਕ ਖਾਤੇ ਵਿੱਚ ਪਾ ਦੇਣੇ ਜੀ।

ਮਾਤਾ ਜੀ ਨੂੰ ਮੱਥਾ ਟੇਕਦਾ ਹਾਂ ਅਤੇ ਨਿੱਕੀ ਭੈਣ ਨੂੰ ਮੇਰੇ ਵੱਲੋਂ ਪਿਆਰ ਦੇਣਾ।

ਆਪ ਦਾ ਸਪੁੱਤਰ,
. . . . . . . . . . .।

ਜਗਤਾਰ ਸਿੰਘ ਸੋਢੀ

# ਲਾਇਬ੍ਰੇਰੀ ਵਿੱਚ ਕੁਝ ਨਵੇਂ ਰਿਸਾਲੇ ਅਤੇ ਮੈਗਜ਼ੀਨ ਮੰਗਵਾਉਣ ਸੰਬੰਧੀ ਬਿਨੈ-ਪੱਤਰ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ...... ਸਕੂਲ,
..........।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਸਾਡੇ ਸਕੂਲ ਦੀ ਲਾਇਬ੍ਰੇਰੀ ਵਿੱਚ 'ਪੰਜਾਬੀ ਟ੍ਰਿਬਿਊਨ' ਤੇ 'ਅਜੀਤ' ਅਖ਼ਬਾਰਾਂ ਅਤੇ 'ਪ੍ਰੀਤਲੜੀ' 'ਨਿਰੰਤਰ ਸੋਚ' ਰਸਾਲਿਆਂ ਦੀ ਕੇਵਲ ਇਕ-ਇਕ ਕਾਪੀ ਹੀ ਆਉਂਦੀ ਹੈ, ਜਿਸ ਕਰਕੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਅਖ਼ਬਾਰਾਂ ਤੇ ਰਸਾਲਿਆਂ ਦੀਆਂ ਘੱਟੋ-ਘੱਟ ਤਿੰਨ-ਤਿੰਨ ਕਾਪੀਆਂ ਮੰਗਵਾਉਣ ਦਾ ਪ੍ਰਬੰਧ ਕੀਤਾ ਜਾਵੇ। ਇਕ-ਦੋ ਖੇਡਾਂ ਸੰਬੰਧੀ ਰਸਾਲੇ ਵੀ ਮੰਗਵਾਏ ਜਾਣੇ ਚਾਹੀਦੇ ਹਨ, ਤਾਂ ਜੋ ਵਿਦਿਆਰਥੀ ਪਾਠ-ਕ੍ਰਮ ਤੋਂ ਇਲਾਵਾ ਅਖ਼ਬਾਰਾਂ ਤੇ ਰਸਾਲਿਆਂ ਦੀ ਸਮੱਗਰੀ ਤੋਂ ਵੱਧ ਤੋਂ ਵੱਧ ਲਾਭ ਉਠਾ ਸਕਣ।

ਆਸ ਹੈ ਕਿ ਆਪ ਵੱਲੋਂ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਉਹਨਾਂ ਦੀਆਂ ਉਪਰੋਕਤ ਲੋੜਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰ ਦਿੱਤਾ ਜਾਵੇਗਾ।

ਧੰਨਵਾਦ ਸਹਿਤ।

ਆਪ ਜੀ ਦੇ ਵਿਸ਼ਵਾਸ-ਪਾਤਰ,
ਅਮਨਦੀਪ ਕੌਰ, ਮਨੀਟਰ,
ਅਤੇ ਸਮੂਹ ਵਿਦਿਆਰਥੀ,
ਜਮਾਤ ਸੱਤਵੀਂ।

ਮਿਤੀ: ....ਜੁਲਾਈ, 20.... .

Scanned by CamScanner

# ਆਪਣੇ ਭਰਾ ਨੂੰ ਪੜ੍ਹਾਈ ਤੇ ਖੇਡਾਂ ਵੱਲ ਬਰਾਬਰ ਧਿਆਨ ਦੇਣ ਬਾਰੇ ਪੱਤਰ ਲਿਖੋ।

ਪ੍ਰੀਖਿਆ ਭਵਨ,
ਸਰਕਾਰੀ ...... ਸਕੂਲ,
............|
... ਮਈ, 20 ...

ਪਿਆਰੇ ਸੁਖਦੇਵ,

ਨਿੱਘਾ ਪਿਆਰ!

ਜਦੋਂ ਅੱਜ ਪਿਤਾ ਜੀ ਦੀ ਚਿੱਠੀ ਮਿਲੀ ਤਾਂ ਇਹ ਪੜ੍ਹਕੇ ਬਹੁਤ ਹੀ ਦੁੱਖ ਹੋਇਆ ਕਿ ਤੂੰ ਪੜ੍ਹਾਈ ਵੱਲ ਧਿਆਨ ਨਹੀਂ ਦਿੰਦਾ। ਸਕੂਲੋਂ ਆ ਕੇ ਸਾਰਾ ਦਿਨ ਖੇਡਦਾ ਹੀ ਰਹਿੰਦਾ ਹੈਂ। ਸਕੂਲ ਦਾ ਮਿਲਿਆ ਕੰਮ ਵੀ ਨਹੀਂ ਕਰਦਾ। ਇਹ ਤਾਂ ਬਹੁਤ ਬੁਰੀ ਗੱਲ ਹੈ।

ਚਿੱਠੀ ਪੜ੍ਹਕੇ ਮੈਨੂੰ ਤਾਂ ਯਕੀਨ ਹੀ ਨਾ ਆਏ ਕਿ ਤੂੰ ਲਾਪ੍ਰਵਾਹ ਵੀ ਹੋ ਸਕਦਾ ਹੈ। ਪਿਛਲੀਆਂ ਜਮਾਤਾਂ ਵਿੱਚੋਂ ਤੂੰ ਹੁਸ਼ਿਆਰ ਬੱਚਿਆਂ ਵਿੱਚੋਂ ਇੱਕ ਸੀ। ਪਰ ਹੁਣ ਤੈਨੂੰ ਕੀ ਹੋ ਗਿਆ ਹੈ? ਇਹ ਉਮਰ ਹੀ ਜ਼ਿੰਦਗੀ ਬਣਾਉਣ ਦੀ ਹੈ, ਜਦੋਂ ਸਮਾਂ ਲੰਘ ਜਾਵੇਗਾ ਫਿਰ ਤੂੰ ਪਛਤਾਏਂਗਾ। ਬੀਤਿਆ ਵੇਲਾ ਕਦੀ ਵੀ ਹੱਥ ਨਹੀਂ ਆਉਂਦਾ ਜੋ ਸਮੇਂ ਨੂੰ ਨਸ਼ਟ ਕਰਦਾ ਹੈ, ਸਮਾਂ ਉਸਨੂੰ ਨਸ਼ਟ ਕਰਦਾ ਹੈ।

ਖੇਡਾਂ ਸਾਡੇ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਦੀਆਂ। ਇਸ ਲਈ ਖੇਡਾਂ ਵੀ ਜ਼ਰੂਰੀ ਹਨ। ਇਸ ਲਈ ਖੇਡਾਂ ਲਈ ਕੁਝ ਸਮਾਂ ਰਾਖਵਾਂ ਰੱਖ ਕੇ ਜ਼ਿੰਦਗੀ ਵਿੱਚ ਕੁਝ ਬਣਨ ਲਈ ਹੁਣ ਤੋਂ ਹੀ ਪੜ੍ਹਾਈ ਵਿੱਚ ਜੁੱਟ ਜਾਹ। ਮੈਨੂੰ ਪੂਰੀ ਆਸ ਹੈ ਕਿ ਤੂੰ ਮੇਰੀ ਨਸੀਹਤ ਨੂੰ ਧਿਆਨ ਵਿੱਚ ਰੱਖੇਂਗਾ।

ਤੇਰਾ ਵੱਡਾ ਵੀਰ,
ਅਰਸ਼ਦੀਪ ਸਿੰਘ।

ਜਸਵੀਰ ਸਿੰਘ ਸੇਹੀ
ਪੰਜਾਬੀ ਮਾਸਟਰ

# ਸਕੂਲ ਵਿੱਚ ਖੇਡ ਸਮਾਗਮ ਕਰਵਾਉਣ ਲਈ ਸਕੂਲ ਮੁੱਖੀ ਨੂੰ ਬਿਨੈ-ਪੱਤਰ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ਮਿਡਲ ਸਕੂਲ,
ਕੱਬਰਵੱਛਾ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਪਿਛਲੇ ਸਾਲ ਦੀ ਤਰ੍ਹਾਂ, ਇਸ ਸਾਲ ਵੀ ਇਸ ਸਕੂਲ ਦੇ ਵਿਦਿਆਰਥੀ ਸਕੂਲ ਵਿੱਚ ਖੇਡ ਸਮਾਗਮ ਕਰਵਾਉਣਾ ਚਾਹੁੰਦੇ ਹਾਂ। ਇਸ ਲਈ ਸਾਨੂੰ ਆਪ ਜੀ ਦੇ ਵਿਸ਼ੇਸ਼ ਸਹਿਯੋਗ ਦੀ ਲੋੜ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਖੇਡ ਸਮਾਗਮ ਲਈ ਅਧਿਆਪਕ ਸਾਹਿਬਾਨ ਦੀ ਕਮੇਟੀ ਬਣਾ ਦਿੱਤੀ ਜਾਵੇ, ਜੋ ਸਾਨੂੰ ਸਹੀ ਦਿਸ਼ਾ ਨਿਰਦੇਸ਼ ਦੇ ਸਕੇ। ਅਸੀਂ ਇਹ ਖੇਡ ਸਮਾਗਮ ਦਸੰਬਰ ਮਹੀਨੇ ਦੀਆਂ ਛੁੱਟੀਆਂ ਵਿੱਚ ਕਰਵਾਉਣਾ ਚਾਹੁੰਦੇ ਹਾਂ। ਇਸ ਲਈ ਸਾਨੂੰ ਕੋਈ ਢੁੱਕਵੀਂ ਤਾਰੀਖ਼ ਦੇ ਦਿੱਤੀ ਜਾਵੇ ਅਤੇ ਨਾਲ ਹੀ ਖੇਡ ਸਮਾਗਮ ਲਈ ਲੋੜੀਂਦਾ ਫੰਡ ਵੀ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਅਸੀਂ ਆਪ ਜੀ ਦੀ ਆਗਿਆ ਨਾਲ ਇਹ ਸਮਾਗਮ ਨੇਪਰੇ ਚਾੜ੍ਹ ਸਕੀਏ। ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਆਗਿਆਕਾਰ,

ਮਿਤੀ: ............ ............ (ਮਨੀਟਰ),

ਅਤੇ ਸਮੂਹ ਵਿਦਿਆਰਥੀ।

# ਮਾਮਾ ਜੀ ਵੱਲੋਂ ਭੇਜੇ ਜਨਮ ਦਿਨ ਦੇ ਤੋਹਫ਼ੇ ਲਈ ਧੰਨਵਾਦ ਪੱਤਰ।

ਸਰਕਾਰੀ ...... ਸਕੂਲ,

. . . . . . . . . .।

...... ਜਨਵਰੀ, 20......

ਸਤਿਕਾਰਯੋਗ ਪਿਆਰੇ ਮਾਮਾ ਜੀਓ,

ਨਿੱਘੀ ਯਾਦ ਪੁੱਜੇ!

ਕੱਲ੍ਹ ਜਦ ਮੈਂ ਆਪਣੇ ਜਨਮ ਦਿਨ ਦੀ ਪਾਰਟੀ ਦੀ ਤਿਆਰੀ ਵਿੱਚ ਰੁੱਝਾ ਹੋਇਆ ਸਾਂ ਤੁਹਾਡੇ ਵੱਲੋਂ ਘੱਲਿਆ ਪਾਰਸਲ ਪੁੱਜਾ। ਤੁਹਾਡੇ ਵੱਲੋਂ ਭੇਜੀ ਗਈ ਕਿਤਾਬ 'ਆਮ ਵਾਕਫ਼ੀਅਤ ਦਾ ਗ੍ਰੰਥ' ਮਿਲੀ ਤਾਂ ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਤੁਸੀਂ ਤਾਂ ਜਾਣਦੇ ਹੀ ਹੋ ਕਿ ਮੈਨੂੰ ਸ਼ੁਰੂ ਤੋਂ ਹੀ ਕਿਤਾਬਾਂ ਨਾਲ ਪਿਆਰ ਹੈ। ਦਿਲ ਕਰਦਾ ਹੈ ਕਿ ਇੱਕੋ ਵਾਰੀ ਬਹਿ ਕੇ ਸਾਰੀ ਕਿਤਾਬ ਪੜ੍ਹ ਲਵਾਂ, ਪਰੰਤੂ ਇਹ ਗੱਲ ਆਸਾਨ ਨਹੀਂ।

ਇਸ ਕਿਤਾਬ ਵਿੱਚ ਸਾਰੀ ਦੁਨੀਆਂ ਬਾਰੇ ਵਾਕਫ਼ੀਅਤ ਦਿੱਤੀ ਹੋਈ ਹੈ। ਇਤਿਹਾਸ, ਭੂਗੋਲ ਅਤੇ ਦੁਨੀਆਂ ਭਰ ਦੇ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚਲੀਆਂ ਸਚਾਈਆਂ ਜਾਣਨ-ਯੋਗ ਹਨ। ਹੋਰ ਵੀ ਕਈ ਤੋਹਫ਼ੇ ਆਏ ਹਨ, ਪਰੰਤੂ ਇਸ ਕਿਤਾਬ ਦੇ ਮੁਕਾਬਲੇ ਦੀ ਕੋਈ ਚੀਜ਼ ਨਹੀਂ ਦਿਸੀ। ਇਹ ਕਿਤਾਬ ਇਹ ਦੱਸਦੀ ਹੈ ਕਿ ਨਿਰੀ ਤੁਹਾਨੂੰ ਮੇਰੇ ਜਨਮ ਦਿਨ ਦੀ ਹੀ ਖੁਸ਼ੀ ਨਹੀਂ, ਸਗੋਂ ਤੁਸੀਂ ਮੈਨੂੰ ਉਚਾਈ ਦੇ ਸਿਖਰਾਂ ਤੇ ਦੇਖਣ ਦੇ ਵੀ ਚਾਹਵਾਨ ਹੋ।

ਦਿਲ ਦੀ ਅੰਦਰਲੀ ਤਹਿ 'ਚੋਂ ਇੱਕ ਵਾਰੀ ਫਿਰ ਧੰਨਵਾਦ ਕਰਦਾ ਹੋਇਆ,

ਤੁਹਾਡਾ ਭਣੇਵਾ /ਤੁਹਾਡੀ ਭਣੇਵੀ,

. . . . . . . . . . . .।

# ਮਿੱਤਰ/ਸਹੇਲੀ ਨੂੰ ਸਕੂਲ ਵਿੱਚ ਮਨਾਏ ਖੇਡ ਸਮਾਗਮ ਦਾ ਹਾਲ

ਪ੍ਰੀਖਿਆ ਭਵਨ,
ਸਰਕਾਰੀ ____ ਸਕੂਲ,
- - - - - - - - - - -
10 ਅਕਤੂਬਰ, 2013.

ਪਿਆਰੇ ਨਵਦੀਪ,

ਸਤਿ ਸ੍ਰੀ ਅਕਾਲ!

ਬੀਤੇ ਦਿਨੀ ਸਾਡੇ ਸਕੂਲ ਦੇ ਖੇਡ ਮੈਦਾਨ ਵਿੱਚ ਕਲੱਸਟਰ ਪੱਧਰ ਦੇ ਖੇਡ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਕਬੱਡੀ ਦੀਆਂ ਟੀਮਾਂ ਨੇ ਭਾਗ ਲਿਆ। ਇਸ ਖੇਡ ਸਮਾਗਮ ਦਾ ਉਦਘਾਟਨ ਸਾਡੇ ਸਕੂਲ ਦੇ ਮੁੱਖ-ਅਧਿਆਪਕ ਜੀ ਨੇ ਕੀਤਾ।

ਸਕੂਲ ਦੇ ਗਰਾਊਂਡ ਨੂੰ ਵੱਖ ਵੱਖ ਝੰਡਿਆਂ ਨਾਲ ਸਜਾਇਆ ਗਿਆ। ਗਰਾਊਂਡ ਨੂੰ ਨਵੇਂ ਸਿਰੇ ਤੋਂ ਤਿਆਰ ਕੀਤਾ ਗਿਆ ਸੀ। ਸਾਰਾ ਖੇਡ ਮੈਦਾਨ ਦੁਲਹਨ ਵਾਂਗ ਸਜਿਆ ਹੋਇਆ ਸੀ, ਦਰਸ਼ਕਾਂ ਦੀ ਭਾਰੀ ਭੀੜ ਮੌਜੂਦ ਸੀ। ਸਾਡੇ ਸਕੂਲ ਦੇ ਵਿਦਿਆਰਥੀ ਵਲੰਟੀਅਰਾਂ ਦੀ ਡਿਊਟੀ ਨਿਭਾ ਰਹੇ ਸਨ।

ਠੀਕ ਸਮੇਂ ਤੇ ਮੁਕਾਬਲੇ ਸ਼ੁਰੂ ਹੋਏ। ਸਾਰੀਆਂ ਟੀਮਾਂ ਦੇ ਖਿਡਾਰੀਆਂ ਨੇ ਅਨੁਸ਼ਾਸ਼ਨ ਵਿਚ ਰਹਿ ਕੇ ਖੇਡ ਭਾਵਨਾ ਦਾ ਮੁਜ਼ਾਹਰਾ ਕੀਤਾ। ਅਸੀਂ ਇਸ ਖੇਡ ਸਮਾਗਮ ਦਾ ਪੂਰਾ ਅਨੰਦ ਲਿਆ। ਫ਼ਾਈਨਲ ਮੁਕਾਬਲੇ ਵਿਚ ਸਾਡੇ ਸਕੂਲ ਦੀ ਟੀਮ ਜੇਤੂ ਰਹੀ।

ਮਾਣਯੋਗ ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਇਨਾਮ ਵੰਡਣ ਦੀ ਰਸਮ ਕੀਤੀ ਗਈ। ਮੈਨੂੰ ਇਹ ਖੇਡ ਸਮਾਗਮ ਸਦਾ ਯਾਦ ਰਹੇਗਾ।

ਆਪ ਦਾ ਮਿੱਤਰ,
ਮਹਿਨਾਜ਼ਦੀਪ ਸਿੰਘ।

ਜਗਤਾਰ ਸਿੰਘ, ਪੰਜਾਬੀ ਮਾਸਟਰ

Scanned by CamScanner

ਮਿੱਤਰ/ਸਹੇਲੀ ਨੂੰ ਸਕੂਲ ਦੇ ਸਾਲਾਨਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੱਤਰ ਲਿਖੋ।

ਪ੍ਰੀਖਿਆ ਭਵਨ,
ਸਰਕਾਰੀ ____ ਸਕੂਲ,
______________।

15 ਮਾਰਚ, 2013.

ਪਿਆਰੇ ਮੋਹਨ,

ਸਤਿ ਸ੍ਰੀ ਅਕਾਲ!

ਪਿਛਲੇ ਸਾਲ ਵਾਂਗ ਇਸ ਸਾਲ ਵੀ ਸਾਡੇ ਸਕੂਲ ਦਾ ਸਾਲਾਨਾ ਸਮਾਗਮ 30 ਮਾਰਚ ਨੂੰ ਹੋ ਰਿਹਾ ਹੈ। ਇਸ ਵਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਆ ਰਹੇ ਹਨ।

ਇਸ ਸਾਲ ਇਹ ਸਮਾਗਮ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਕੀਤਾ ਜਾਵੇਗਾ। ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲ਼ੇ ਅਤੇ ਜਮਾਤਾਂ ਵਿੱਚੋਂ ਅੱਵਲ ਆਉਣ ਵਾਲ਼ੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਣਾ ਹੈ। ਮੈਨੂੰ ਵੀ ਜਮਾਤ ਵਿੱਚੋਂ ਅੱਵਲ ਰਹਿਣ ਤੇ ਇਨਾਮ ਮਿਲੇਗਾ।

ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਸਮਾਗਮ ਵਿੱਚ ਆਪਣੇ ਪਰਿਵਾਰ ਸਮੇਤ ਸ਼ਾਮਲ ਹੋ ਕੇ ਇਸ ਦੀ ਸ਼ਾਨ ਨੂੰ ਵਧਾਓ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਸਮਾਗਮ ਵਿੱਚ ਜ਼ਰੂਰ ਸ਼ਾਮਲ ਹੋਵੋਗੇ।

ਤੁਹਾਡਾ ਮਿੱਤਰ,
ਰਾਮ ਸਿੰਘ।

Scanned by CamScanner

## ਸਕੂਲ ਵਿਚ ਮਨਾਏ ਇਨਾਮ ਵੰਡ ਸਮਾਗਮ ਬਾਰੇ ਮਿੱਤਰ/ਸਹੇਲੀ ਨੂੰ ਪੱਤਰ ਲਿਖੋ।

ਸਰਕਾਰੀ ਮਿਡਲ ਸਕੂਲ,
ਕੱਬਰਵੱਛਾ।
12 ਫਰਵਰੀ, 2014..

ਪਿਆਰੇ ਕੋਮਲ,

ਸਤਿ ਸ੍ਰੀ ਅਕਾਲ!

ਬੀਤੇ ਦਿਨੀ ਸਾਡੇ ਸਕੂਲ ਵਿਚ ਸਕੂਲ ਦੇ ਵਿਦਿਆਰਥੀਆਂ ਦੀਆਂ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਉਹਨਾਂ ਦਾ ਸਨਮਾਨ ਕਰਨ ਲਈ ਇਨਾਮ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਹ ਸਮਾਗਮ ਠੀਕ ਗਿਆਰਾਂ ਵਜੇ ਸ਼ੁਰੂ ਹੋ ਗਿਆ। ਸਾਰਾ ਸਕੂਲ ਸਜਿਆ ਹੋਇਆ ਸੀ। ਵਿਦਿਆਰਥੀ ਵਲੰਟੀਅਰ ਵਜੋਂ ਸੇਵਾ ਨਿਭਾ ਰਹੇ ਸਨ। ਮੁੱਖ ਮਹਿਮਾਨ ਮਾਣਯੋਗ ਜਿਲ੍ਹਾ ਸਿੱਖਿਆ ਅਫ਼ਸਰ ਨਿਯਤ ਸਮੇਂ ਤੇ ਸਕੂਲ ਪੁੱਜ ਗਏ। ਉਹਨਾਂ ਦੇ ਸਨਮਾਨ ਲਈ ਸਕੂਲ ਬੈਂਡ ਨੇ ਸਵਾਗਤੀ ਧੁਨ ਵਜਾਈ।

ਮੁੱਖ ਅਧਿਆਪਕ ਜੀ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਰਿਪੋਰਟ ਪੜ੍ਹੀ। ਮੁੱਖ ਮਹਿਮਾਨ ਅਤੇ ਇਲਾਕੇ ਦੇ ਸਕੂਲਾਂ ਦੇ ਮੁੱਖ ਅਧਿਆਪਕਾਂ ਨੇ ਸਾਡੇ ਸਕੂਲ ਦੀ ਬਹੁਤ ਹੀ ਪ੍ਰਸ਼ੰਸ਼ਾ ਕੀਤੀ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਵੰਡੇ। ਮੈਨੂੰ ਵੀ ਸੁੰਦਰ ਲਿਖਾਈ ਮੁਕਾਬਲੇ ਵਿਚ ਜਿਲ੍ਹੇ ਵਿਚੋਂ ਅੱਵਲ ਰਹਿਣ 'ਤੇ ਸਨਮਾਨ ਚਿੰਨ੍ਹ ਦਿੱਤਾ ਗਿਆ।

ਅਖੀਰ ਵਿਚ ਸਕੂਲ ਸਟਾਫ਼ ਵੱਲੋਂ ਵਿਦਿਆਰਥੀਆਂ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਮੈਨੂੰ ਇਹ ਸਮਾਗਮ ਹਮੇਸ਼ਾਂ ਯਾਦ ਰਹੇਗਾ।

ਤੇਰਾ ਦੋਸਤ,
. . . . . . . .।

ਰਜਿੰਦਰ ਕੌਰ ਪੰਜਾਬੀ ਮਾਸਟਰ

Scanned by CamScanner

ਮਿੱਤਰ/ਸਹੇਲੀ ਨੂੰ ਕਿਸੇ ਚੰਗੀ ਪੁਸਤਕ ਪੜ੍ਹਨ ਲਈ ਪ੍ਰੇਰਿਤ ਕਰਦੇ ਹੋਏ, ਉਸ ਨੂੰ ਪੱਤਰ ਲਿਖੋ।

ਸਰਕਾਰੀ ਮਿਡਲ ਸਕੂਲ,
ਕੱਬਰਵੱਛਾ।
13 ਫ਼ਰਵਰੀ, 20... .

ਪਿਆਰੀ ਮੋਨੂੰ,

ਮਿੱਠੀਆਂ ਯਾਦਾਂ।

ਆਸ ਹੈ ਕਿ ਤੇਰੀ ਪੜ੍ਹਾਈ ਠੀਕ-ਠਾਕ ਚਲ ਰਹੀ ਹੋਵੇਗੀ। ਤੈਨੂੰ ਪਤਾ ਹੀ ਹੈ ਕਿ ਪਿਛਲੀਆਂ ਸਰਦੀਆਂ ਦੀਆਂ ਛੁੱਟੀਆਂ ਵਿਚ ਜਦ ਆਪਾਂ ਦੋਵੇਂ ਇਕੱਠੀਆਂ ਰਹੀਆਂ ਸਾਂ, ਤਾਂ ਆਪ ਦੇ ਪਿਤਾ ਜੀ ਦੀ ਸਲਾਹ ਅਨੁਸਾਰ ਪਾਠ-ਪੁਸਤਕਾਂ ਤੋਂ ਬਿਨਾਂ ਅਖ਼ਬਾਰ-ਰਸਾਲੇ ਤੇ ਹੋਰ ਪੁਸਤਕਾਂ ਪੜ੍ਹਨ ਵਿਚ ਵੀ ਦਿਲਚਸਪੀ ਲੈਣੀ ਸ਼ੁਰੂ ਕੀਤੀ ਸੀ। ਮੈਂ ਉਸ ਸਮੇਂ ਤੋਂ ਲੈਕੇ ਅਖ਼ਬਾਰਾਂ-ਰਸਾਲੇ ਹਰ ਰੋਜ਼ ਪੜ੍ਹਨੇ ਆਪਣਾ ਨੇਮ ਬਣਾ ਲਿਆ ਹੈ।

ਪਿਛਲੇ ਬੁੱਧਵਾਰ ਜਦੋਂ ਮੈਂ ਸਕੂਲ ਦੀ ਲਾਇਬਰੇਰੀ ਵਿਚ ਗਈ, ਤਾਂ ਮੈਂ ਪ੍ਰੋ: ਸ਼ਿੰਗਾਰਾ ਸਿੰਘ ਢਿਲੋਂ ਦੀ ਲਿਖੀ ਪੁਸਤਕ 'ਜੀਵਨ ਜੁਗਤਾਂ' ਲੈ ਕੇ ਆਈ। ਸੋਚਿਆ ਚਲੋ ਥੋੜ੍ਹਾ-ਥੋੜ੍ਹਾ ਕਰ ਕੇ ਇਸ ਨੂੰ ਕੁਝ ਦਿਨਾਂ ਵਿਚ ਪੜ੍ਹਾਂਗੀ ਪਰ ਜਦੋਂ ਇਸ ਨੂੰ ਪੜ੍ਹਨਾ ਸ਼ੁਰੂ ਕੀਤਾ ਤਾਂ ਇਸ ਨੂੰ ਮੁਕਾਏ ਬਿਨਾ ਛੱਡ ਨਾ ਸਕੀ। ਇਸ ਵਿਚੋਂ ਸਫ਼ਲ ਜੀਵਨ ਜੀਊਣ ਵਾਸਤੇ ਰੋਸ਼ਨੀ ਮਿਲਦੀ ਹੈ। ਇਹ ਪੁਸਤਕ ਮੈਨੂੰ ਬਹੁਤ ਪਸੰਦ ਹੈ। ਇਸ ਵਿਚ ਸੁੱਚੇ ਵਿਚਾਰ, ਕੌੜੇ ਸੱਚ ਸਦੀਆਂ ਦੀ ਸਿਆਣਪ ਨੂੰ "ਗਾਗਰ ਵਿਚ ਸਾਗਰ" ਬੰਦ ਕਰਨ ਦਾ ਉੱਦਮ ਹਨ। ਮੈਂ ਤੈਨੂੰ ਸਿਫ਼ਾਰਿਸ਼ ਕਰਦੀ ਹਾਂ ਕਿ ਤੂੰ ਇਸ ਨੂੰ ਜ਼ਰੂਰ ਪੜ੍ਹ।

ਤੇਰੀ ਸਹੇਲੀ,
ਮੀਨੂੰ।

Scanned by CamScanner

ਆਪਣੇ ਮਿੱਤਰ / ਸਹੇਲੀ ਨੂੰ ਗਰਮੀਆਂ ਦੀਆਂ ਛੁੱਟੀਆਂ ਇਕੱਠੇ ਬਤੀਤ ਕਰਨ ਲਈ ਸੱਦਾ - ਪੱਤਰ ਲਿਖੋ।

ਪ੍ਰੀਖਿਆ ਭਵਨ,
ਸਰਕਾਰੀ ____ ਸਕੂਲ,
............ ।
20 ਮਈ, 2013.

ਪਿਆਰੇ ਸੁਰਿੰਦਰ,

ਸਤਿ ਸ੍ਰੀ ਅਕਾਲ!

ਸਾਡਾ ਸਕੂਲ ਗਰਮੀਆਂ ਦੀਆਂ ਛੁੱਟੀਆਂ ਲਈ 01 ਜੂਨ ਨੂੰ ਬੰਦ ਹੋ ਰਿਹਾ ਹੈ। ਮੇਰਾ ਵਿਚਾਰ ਹੈ ਕਿ ਛੁੱਟੀਆਂ ਵਿਚ ਅਸੀਂ ਸ਼ਿਮਲੇ ਚੱਲੀਏ। ਪੰਜਾਬ ਵਿਚ ਇਨ੍ਹਾਂ ਦਿਨਾਂ ਵਿਚ ਬੜੀ ਗਰਮੀ ਹੁੰਦੀ ਹੈ, ਪਰ ਸ਼ਿਮਲੇ ਦਾ ਪੌਣ ਪਾਣੀ ਬਹੁਤ ਸੁਹਾਵਣਾ ਹੋਵੇਗਾ। ਇਸ ਤਰ੍ਹਾਂ ਅਸੀਂ ਪੰਜਾਬ ਦੀ ਸਖ਼ਤ ਗਰਮੀ ਤੋਂ ਬਚ ਕੇ ਸੁਹਾਵਣੇ ਮੌਸਮ ਦਾ ਅਨੰਦ ਮਾਣ ਸਕਾਂਗੇ।

ਪਿਆਰੇ ਦੋਸਤ! ਤੁਹਾਨੂੰ ਪਤਾ ਹੀ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਸ਼ਿਮਲਾ, ਪੰਜਾਬ ਦੀ ਗਰਮੀਆਂ ਦੀ ਰਾਜਧਾਨੀ ਰਹੀ ਹੈ। ਇੱਥੋਂ ਦੀਆਂ ਕਈ ਸੁੰਦਰ ਇਮਾਰਤਾਂ ਦੇਖਣ ਯੋਗ ਹਨ। ਸ਼ਾਮ ਵੇਲੇ ਮਾਲ ਰੋਡ ਦੀ ਰੌਣਕ ਦੇਖਣ ਵਾਲ਼ੀ ਹੁੰਦੀ ਹੈ।

ਪਿਆਰੇ ਸੁਰਿੰਦਰ! ਮੈਨੂੰ ਪਤਾ ਹੈ ਕਿ ਇਸ ਸਾਲ ਤੁਹਾਡੀ ਬੋਰਡ ਦੀ ਪ੍ਰੀਖਿਆ ਹੈ। ਇਸ ਲਈ ਰੋਜ਼ ਦੇ ਪ੍ਰੋਗਰਾਮ ਵਿਚ ਕੁਝ ਸਮਾਂ ਪੜ੍ਹਾਈ ਲਈ ਵੀ ਰੱਖਿਆ ਕਰਾਂਗੇ।

ਮੈਂ ਆਸ ਕਰਦਾ ਹਾਂ ਕਿ ਤੁਸੀਂ ਮੇਰੀ ਇਸ ਸਲਾਹ ਤੇ ਸੱਦੇ ਨੂੰ ਮਨਜ਼ੂਰ ਕਰੋਗੇ। ਦੱਸੋ, ਕਦੋਂ ਪਤਾ ਦੇ ਰਹੇ ਹੋ?

ਆਪ ਦੇ ਮਾਤਾ ਪਿਤਾ ਜੀ ਨੂੰ ਸਤਿ ਸ੍ਰੀ ਅਕਾਲ!

ਤੁਹਾਡਾ ਮਿੱਤਰ,
ਹਰਦੇਵ ਸਿੰਘ।

Scanned by CamScanner

# ਭਰਾ ਦੇ ਵਿਆਹ ਤੇ ਸੱਦਾ ਦੇਣ ਲਈ ਦੋਸਤ ਨੂੰ ਪੱਤਰ।

ਪ੍ਰੀਖਿਆ ਭਵਨ,
ਸਰਕਾਰੀ ....... ਸਕੂਲ,
............... ।
23 ਜਨਵਰੀ, 20.....

ਪਿਆਰੇ ਸਤਨਾਮ,

ਤੈਨੂੰ ਇਹ ਪੜ੍ਹ ਕੇ ਬਹੁਤ ਖੁਸ਼ੀ ਹੋਵੇਗੀ ਕਿ ਮੇਰੇ ਵੱਡੇ ਭਰਾ ਦਾ ਵਿਆਹ 5 ਫਰਵਰੀ ਨੂੰ ਹੋ ਰਿਹਾ ਹੈ। ਵਿਆਹ ਦਾ ਕਾਰਡ ਤਾਂ ਤੈਨੂੰ ਪਾ ਦਿੱਤਾ ਹੈ, ਪਰ ਇਸ ਖ਼ਤ ਰਾਹੀਂ ਤੈਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੂੰ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਆ ਜਾਵੀਂ। ਅਸਲ ਵਿੱਚ ਗੱਲ ਇਹ ਹੈ ਕਿ ਪਿਤਾ ਜੀ ਠੀਕ ਨਹੀਂ ਰਹਿੰਦੇ। ਉਹ ਬਹੁਤਾ ਭੱਜ-ਨੱਠ ਦਾ ਕੰਮ ਨਹੀਂ ਕਰ ਸਕਦੇ, ਦੂਜਾ ਮੇਰੇ ਛੋਟੇ ਭਰਾ ਦੇ ਇਮਤਿਹਾਨ ਨਜ਼ਦੀਕ ਹਨ। ਮੈਂ ਨਹੀਂ ਚਾਹੁੰਦਾ ਕਿ ਉਸ ਦੀ ਪੜ੍ਹਾਈ ਦਾ ਹਰਜ ਹੋਵੇ। ਇਸੇ ਲਈ ਮੈਂ ਤੈਨੂੰ ਤਕਲੀਫ਼ ਦੇ ਰਿਹਾ ਹਾਂ। ਤੈਨੂੰ ਪਤਾ ਹੀ ਹੈ ਵਿਆਹ ਦੇ ਸਮੇਂ ਕੰਮ ਕਾਫ਼ੀ ਹੁੰਦੇ ਹਨ। ਤੇਰੇ ਨਾਲ਼ ਹੋਣ ਕਰਕੇ ਮੈਨੂੰ ਕੁਝ ਆਸਰਾ ਹੋਵੇਗਾ। ਸੋ ਤੂੰ 1 ਫਰਵਰੀ ਤੱਕ ਜ਼ਰੂਰ ਪਹੁੰਚ ਜਾਵੀਂ। ਮਹਿਮਾਨਾਂ ਦੇ ਸਵਾਗਤ ਵਗੈਰਾ ਅਤੇ ਹੋਰ ਕੁਝ ਮਾਮਲਿਆਂ ਵਿੱਚ ਤੇਰੀ ਸਲਾਹ ਵੀ ਲੈਣੀ ਹੈ।

ਇਕ ਵਾਰ ਫੇਰ ਤੇਰੇ ਤੇ ਹੱਕ ਸਮਝ ਕੇ ਤੈਨੂੰ ਬੇਨਤੀ ਕਰਦਾ ਹਾਂ ਕਿ ਤੂੰ 1 ਫਰਵਰੀ ਤੱਕ ਜ਼ਰੂਰ ਪਹੁੰਚ ਜਾਵੀਂ।

ਤੇਰਾ ਦੋਸਤ,
ਜੋਗਾ ਸਿੰਘ।

Scanned by CamScanner

# ਮਿੱਤਰ/ਸਹੇਲੀ ਨੂੰ ਆਪਣੀਆਂ ਰੁਚੀਆਂ ਬਾਰੇ ਪੱਤਰ ਲਿਖੋ

ਸਰਕਾਰੀ ........ ਸਕੂਲ,
....................।
..... ਜਨਵਰੀ, 20......

ਪਿਆਰੇ ਸੁਮੀਤ,

ਤੁਹਾਡਾ ਪੱਤਰ ਮਿਲਿਆ, ਪੜ੍ਹ ਕੇ ਖੁਸ਼ੀ ਹੋਈ ਕਿ ਤੁਸੀਂ ਪੁਸਤਕ ਮੇਲਾ ਦੇਖ ਕੇ ਆਏ ਹੋ। ਮੇਰੀਆਂ ਅਤੇ ਤੁਹਾਡੀਆਂ ਰੁਚੀਆਂ ਮਿਲਦੀਆਂ ਹਨ। ਮੈਂ ਵੀ ਤੁਹਾਡੇ ਵਾਂਗ ਪੁਸਤਕਾਂ ਨੂੰ ਬਹੁਤ ਪਿਆਰ ਕਰਦਾ ਹਾਂ।

ਪੁਸਤਕਾਂ ਮਨੁੱਖ ਦੀਆਂ ਅਸਲ ਦੋਸਤ ਹਨ, ਜਦੋਂ ਵੀ ਕਦੇ ਉਦਾਸ ਹੋਈਏ, ਚਿੰਤਾ ਜਾਂ ਕਸ਼ਟ ਵਿੱਚ ਹੋਈਏ, ਇਕੱਲ ਜਾਂ ਸਫ਼ਰ 'ਚ ਹੋਈਏ ਪੁਸਤਕਾਂ ਸਾਥ ਦੇਣ ਵਿੱਚ ਝੱਟ ਸਹਾਈ ਹੁੰਦੀਆਂ ਹਨ ਅਤੇ ਸਾਨੂੰ ਚਿੰਤਾ ਵਿੱਚੋਂ ਕੱਢ ਕੇ ਨਵੇਂ ਜੀਵਨ ਪੰਧ 'ਤੇ ਤੋਰਦੀਆਂ ਹਨ।

ਚੰਗੀਆਂ ਪੁਸਤਕਾਂ ਤੋਂ ਮਹਾਂ-ਪੁਰਸ਼ਾਂ, ਸੰਤਾਂ, ਸੂਫ਼ੀਆਂ, ਗੁਰੂਆਂ, ਸ਼ਹੀਦਾਂ, ਵਿਗਿਆਨੀਆਂ, ਡਾਕਟਰਾਂ, ਫ਼ਿਲਾਸਫ਼ਰਾਂ ਆਦਿ ਦੇ ਜੀਵਨ ਫ਼ਲਸਫੇ ਤੋਂ ਜੀਵਨ ਸੇਧਾਂ ਪ੍ਰਾਪਤ ਹੁੰਦੀਆਂ ਹਨ। ਸਧਾਰਣ ਵਿਅਕਤੀ ਇਹਨਾਂ ਤੋਂ ਜੀਵਨ ਵਿੱਚ ਕੁਝ ਕਰ ਸਕਣ, ਕੁਝ ਬਣ ਸਕਣ ਦੀ ਪ੍ਰੇਰਣਾ ਲੈਂਦੇ ਹਨ।

ਅੱਜ ਸਮੁੱਚੇ ਜੀਵਨ ਵਿੱਚ ਪੁਸਤਕਾਂ ਦੀ ਬਹੁਤ ਮਹੱਤਤਾ ਹੈ। ਬਚਪਨ ਵਿੱਚ ਮਹਾਂ-ਪੁਰਸ਼ਾਂ ਤੇ ਖੋਜੀਆਂ ਦੀਆਂ ਜੀਵਨੀਆਂ ਉਤਸ਼ਾਹ ਅਤੇ ਪ੍ਰੇਰਣਾ ਦਿੰਦੀਆਂ ਹਨ। ਜਵਾਨੀ ਵਿੱਚ ਗਿਆਨ, ਵਿਗਿਆਨ ਵਿੱਚ ਜਾਣਕਾਰੀ ਅਤੇ ਅਗਲੇਰੀ ਖੋਜ 'ਚ ਸਹਾਈ ਹੁੰਦੀਆਂ ਹਨ। ਬੁਢਾਪੇ 'ਚ ਵਿਹਲੇ ਸਮੇਂ ਨੂੰ ਲੰਘਾਉਣ 'ਚ ਮਦਦ ਕਰਦੀਆਂ ਹਨ। ਮੈਨੂੰ ਉਮੀਦ ਹੈ ਕਿ ਤੁਸੀਂ ਵੀ ਮੇਰੇ ਵਾਂਗ ਚੰਗੀਆਂ ਪੁਸਤਕਾਂ ਪੜ੍ਹਨ ਦੀ ਰੁਚੀ ਨੂੰ ਬਰਕਰਾਰ ਰੱਖੋਗੇ।

ਤੁਹਾਡਾ ਦੋਸਤ,
ਕ੍ਰਿਸ਼ਨ ਕੁਮਾਰ।

ਜਗਤਾਰ ਸਿੰਘ ਸੋਖੀ

Scanned by CamScanner

# ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਸੈਕਸ਼ਨ ਬਦਲਣ ਲਈ ਬਿਨੈ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ...... ਸਕੂਲ,
........ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਛੇਵੀਂ 'ਸੀ' ਵਿਚ ਪੜ੍ਹਦਾ ਹਾਂ। ਮੇਰੇ ਘਰ ਦੇ ਨੇੜੇ ਕੋਈ ਵੀ ਵਿਦਿਆਰਥੀ ਛੇਵੀਂ 'ਸੀ' ਦਾ ਨਹੀਂ ਰਹਿੰਦਾ। ਸਾਰੇ ਹੀ ਛੇਵੀਂ 'ਬੀ' ਵਾਲ਼ੇ ਹਨ।

ਜਦੋਂ ਕਦੀ ਵੀ ਮੈਨੂੰ ਸਕੂਲੋਂ ਛੁੱਟੀ ਲੈਣੀ ਪੈਂਦੀ ਹੈ, ਮੈਨੂੰ ਘਰ ਵਾਸਤੇ ਦਿੱਤੇ ਕੰਮ ਦਾ ਕੋਈ ਵੀ ਪਤਾ ਨਹੀਂ ਲੱਗਦਾ। ਜਿਸ ਨਾਲ ਕਾਫ਼ੀ ਹਰਜਾ ਹੁੰਦਾ ਹੈ। ਸੋ ਕਿਰਪਾ ਕਰਕੇ ਤੁਸੀਂ ਮੇਰਾ ਸੈਕਸ਼ਨ ਬਦਲ ਦਿਓ ਤਾਂ ਕਿ ਮੇਰੀ ਪੜ੍ਹਾਈ ਦਾ ਹਰਜਾ ਨਾ ਹੋਵੇ। ਧੰਨਵਾਦ ਸਹਿਤ।

ਆਪ ਜੀ ਦਾ ਆਗਿਆਕਾਰੀ,
ਧਰਮਪਾਲ ਸਿੰਘ,
ਰੋਲ ਨੰ: 18,
ਜਮਾਤ ਛੇਵੀਂ ਸੀ।

ਮਿਤੀ: 10 ਜੁਲਾਈ, 20....

ਜਸਪਾਲ ਸਿੰਘ ਪੂਹਲੀ
ਪੰਜਾਬੀ ਮਾਸਟਰ

# ਦੋਸਤ ਨੂੰ ਪਾਸ ਹੋਣ ਤੇ ਵਧਾਈ ਪੱਤਰ

ਪ੍ਰੀਖਿਆ ਭਵਨ,
ਸਰਕਾਰੀ ....... ਸਕੂਲ,
. . . . . . . . . . . . ।
__ ਜੁਲਾਈ, 20.....

ਪਿਆਰੇ ਮਹਿਨਾਜ਼,

ਸਤਿ ਸ੍ਰੀ ਅਕਾਲ।

ਮੈਨੂੰ ਤੁਹਾਡੇ ਪਾਸ ਹੋਣ ਦਾ ਪੱਤਰ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ ਹੈ। ਤੁਸੀਂ ....... ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਏ ਹੋ। ਆਪਣੀ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆ ਕੇ ਤੁਸੀਂ ਆਪਣੀ ਮਿਹਨਤ ਅਤੇ ਯੋਗਤਾ ਦਾ ਵਧੀਆ ਪ੍ਰਮਾਣ ਦਿੱਤਾ ਹੈ। ਮੈਨੂੰ ਤੁਹਾਡੇ ਕੋਲੋਂ ਇਹੋ ਉਮੀਦ ਸੀ। ਜਦੋਂ ਮੇਰੇ ਕੋਲੋਂ ਮੇਰੇ ਮੰਮੀ-ਡੈਡੀ ਨੇ ਤੁਹਾਡੀ ਇਸ ਸਫਲਤਾ ਬਾਰੇ ਸੁਣਿਆ ਤਾਂ ਉਹਨਾਂ ਨੇ ਤੁਹਾਡੀ ਖ਼ੂਬ ਪ੍ਰਸ਼ੰਸਾ ਕੀਤੀ।

ਤੁਹਾਡੀ ਇਸ ਸ਼ਾਨਦਾਰ ਸਫਲਤਾ ਲਈ ਮੈਂ ਤੁਹਾਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ। ਮੈਨੂੰ ਲਿਖੋ ਕਿ ਤੁਸੀਂ ਆਪਣੀ ਸਫ਼ਲਤਾ ਦੀ ਪਾਰਟੀ ਕਦੋਂ ਦੇ ਰਹੇ ਹੋ? ਮੇਰੇ ਕੋਲ ਕਦੋਂ ਆ ਰਹੇ ਹੋ। ਮੈਂ ਹਰ ਵੇਲੇ ਤੁਹਾਡੀ ਉਡੀਕ ਕਰਦਾ ਹਾਂ। ਆਪ ਦੇ ਮਾਤਾ-ਪਿਤਾ ਜੀ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ।

ਆਪ ਦਾ ਮਿੱਤਰ,
ਜੁਗਰਾਜ ਸਿੰਘ।

ਜਗਤਾਰ ਸਿੰਘ ਸੋਖੀ ਪੰਜਾਬੀ ਮਾਸਟਰ

Scanned by CamScanner

## ਦੋਸਤ ਦੇ ਜਨਮ ਦਿਨ ਤੇ ਵਧਾਈ ਪੱਤਰ

ਪ੍ਰੀਖਿਆ ਭਵਨ,
ਸਰਕਾਰੀ ...... ਸਕੂਲ,
ਕੱਥਰ ਵੱਛਾਂ।
20 ਦਸੰਬਰ, 20....

ਪਿਆਰੇ ਮੋਹਨ,

ਸਤਿ ਸ੍ਰੀ ਅਕਾਲ!

ਮੈਨੂੰ ਕੱਲ੍ਹ ਹੀ ਵਿਕਾਸ ਨੇ ਦੱਸਿਆ ਕਿ ਇਸ ਮਹੀਨੇ ਦੀ 28 ਤਾਰੀਖ਼ ਨੂੰ ਤੁਹਾਡਾ ਜਨਮ ਦਿਨ ਹੈ। ਸੁਣ ਕੇ ਬੜੀ ਖੁਸ਼ੀ ਹੋਈ। ਮੇਰੇ ਵੱਲੋਂ ਆਪ ਜੀ ਨੂੰ ਜਨਮ-ਦਿਨ ਦੀ ਲੱਖ-ਲੱਖ ਵਧਾਈ ਹੋਵੇ। ਪਰਮਾਤਮਾਂ ਤੁਹਾਨੂੰ ਹੋਰ ਨੇਕੀ ਬਖਸ਼ੇ ਅਤੇ ਲੰਮੀ ਉਮਰ ਕਰੇ।

ਇਸ ਵਾਰ ਆਪਣੇ ਜਨਮ ਦਿਨ ਤੇ ਕੀ ਪ੍ਰਣ ਕਰ ਰਹੇ ਹੋ ਜ਼ਰੂਰ ਦੱਸਣਾ। ਮੇਰਾ ਖ਼ਿਆਲ ਹੈ ਕਿ ਤੁਹਾਨੂੰ ਇਸ ਵਾਰ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿਚ ਅੱਵਲ ਰਹਿਣ ਲਈ ਸਖ਼ਤ ਮਿਹਨਤ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ। ਹੋਰ, ਜਨਮ ਦਿਨ ਦੀ ਪਾਰਟੀ 'ਤੇ ਕਿਸ ਕਿਸ ਨੂੰ ਸੱਦ ਰਹੇ ਹੋ?

ਇੱਕ ਵਾਰ ਫਿਰ ਜਨਮ ਦਿਨ ਦੀਆਂ ਵਧਾਈਆਂ ਕਬੂਲ ਕਰਨੀਆਂ।

ਸ਼ੁਭ ਕਾਮਨਾਵਾ ਸਹਿਤ,
ਤੁਹਾਡਾ ਦੋਸਤ,
ਸੋਹਨ।

Scanned by CamScanner

ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਆਉਣ ਤੇ ਮਿੱਤਰ ਨੂੰ ਵਧਾਈ ਪੱਤਰ।

ਪ੍ਰੀਖਿਆ ਭਵਨ,
ਸਰਕਾਰੀ ........ ਸਕੂਲ,
.................।
........ ਅਪ੍ਰੈਲ, 20.....

ਪਿਆਰੇ ਮਿੱਤਰ ਰਾਜ,

ਮਿੱਠੀ ਯਾਦ।

ਮੈਨੂੰ ਕੱਲ੍ਹ ਤੇਰਾ ਪੱਤਰ ਮਿਲਿਆ ਜਿਸ ਵਿੱਚ ਤੂੰ ਲਿਖਿਆ ਸੀ ਕਿ ਤੇਰੀ ਜਮਾਤ ਦਾ ਨਤੀਜਾ ਨਿਕਲ ਆਇਆ ਹੈ ਤੇ ਤੂੰ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆਇਆ ਹੈਂ। ਇਹ ਪੜ੍ਹ ਕੇ ਮੇਰਾ ਮਨ ਬਾਗ਼ ਬਾਗ਼ ਹੋ ਗਿਆ ਤੇ ਮੇਰਾ ਦਿਲ ਕਰਦਾ ਸੀ ਕਿ ਜੇ ਤੂੰ ਮੇਰੇ ਸਾਹਮਣੇ ਹੁੰਦਾ ਤਾਂ ਮੈਂ ਘੁੱਟ ਕੇ ਜੱਫ਼ੀ ਪਾ ਲੈਂਦਾ। ਪਿਆਰੇ ਮਿੱਤਰ, ਇਹ ਸਭ ਤੇਰੀ ਮਿਹਨਤ ਦਾ ਫਲ ਹੈ, ਤੂੰ ਦਿਨ ਰਾਤ ਪੜ੍ਹਾਈ ਮਨ ਲਗਾ ਕੇ ਕੀਤੀ ਹੈ।

ਮਾਤਾ ਜੀ ਵੀ ਤੇਰੀ ਚਿੱਠੀ ਸੁਣ ਕੇ, ਬਹੁਤ ਖੁਸ਼ ਹੋਏ। ਅਸੀਂ ਅਗਲੇ ਐਤਵਾਰ ਤੇਰੇ ਕੋਲੋਂ ਪਾਰਟੀ ਲੈਣ ਵਾਸਤੇ ਜ਼ਰੂਰ ਆਵਾਂਗੇ। ਅੰਕਲ, ਆਂਟੀ ਨੂੰ ਸਾਡੇ ਸਾਰਿਆਂ ਵੱਲੋਂ ਬਹੁਤ-ਬਹੁਤ ਵਧਾਈ। ਗੋਲੋ ਨੂੰ ਪਿਆਰ।

ਤੇਰਾ ਮਿੱਤਰ,
ਵਿਸਾਖਾ ਸਿੰਘ।

ਨਾਨਕ ਸਿੰਘ ਸੋਢੀ
ਪੰਜਾਬੀ ਮਾਸਟਰ

ਸਕੂਲ ਵਿੱਚ ਪਹਿਲੀ ਵਾਰ ਦਾਖ਼ਲਾ ਲੈਣ ਲਈ ਮੁੱਖ ਅਧਿਆਪਕ ਜੀ ਨੂੰ ਬਿਨੈ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ........ ਸਕੂਲ,
...............।

ਵਿਸ਼ਾ :- ਸਕੂਲ ਵਿੱਚ ਪਹਿਲੀ ਵਾਰ ਦਾਖ਼ਲਾ ਲੈਣ ਲਈ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਇਸੇ ਸਾਲ ਪੰਜਵੀਂ ਸ਼੍ਰੇਣੀ ਦਾ ਇਮਤਿਹਾਨ ਸਰਕਾਰੀ ਪ੍ਰਾਇਮਰੀ ਸਕੂਲ ......... ਤੋਂ ...... ਗ੍ਰੇਡ ਵਿੱਚ ਪਾਸ ਕੀਤਾ ਹੈ। ਮੈਂ ਹੁਣ ਛੇਵੀਂ ਸ਼੍ਰੇਣੀ ਵਿੱਚ ਆਪ ਜੀ ਦੇ ਸਕੂਲ ਵਿੱਚ ਦਾਖ਼ਲਾ ਲੈਣਾ ਹੈ। ਕਿਰਪਾ ਕਰਕੇ ਮੈਨੂੰ ਛੇਵੀਂ ਸ਼੍ਰੇਣੀ ਵਿੱਚ ਦਾਖ਼ਲ ਕੀਤਾ ਜਾਵੇ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,

.....ਅਪ੍ਰੈਲ, 20..... ਨਾਂ ...................।

Scanned by CamScanner

PAGE NO. 2
DATE

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜ਼ਰੂਰੀ ਕੰਮ ਦੀ ਛੁੱਟੀ ਲੈਣ ਲਈ ਇੱਕ ਬੇਨਤੀ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ....... ਸਕੂਲ,
.............।

ਵਿਸ਼ਾ :- ਇੱਕ ਦਿਨ ਦੀ ਛੁੱਟੀ ਲੈਣ ਲਈ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਨੂੰ ਘਰ ਵਿੱਚ ਇੱਕ ਜ਼ਰੂਰੀ ਕੰਮ ਪੈ ਗਿਆ ਹੈ। ਇਸ ਕਰਕੇ ਮੈਂ ਅੱਜ ਸਕੂਲ ਨਹੀਂ ਆ ਸਕਦਾ। ਕਿਰਪਾ ਕਰਕੇ ਮੈਨੂੰ ਇੱਕ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,
.............ਸਿੰਘ,
ਰੋਲ ਨੰ: ..........,

ਮਿਤੀ: ....ਅਪ੍ਰੈਲ, 20....    ਜਮਾਤ ..........।

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜ਼ਰੂਰੀ ਕੰਮ ਲਈ ਅੱਧੇ ਦਿਨ ਦੀ ਛੁੱਟੀ ਲੈਣ ਲਈ ਬੇਨਤੀ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ...... ਸਕੂਲ,
.............।

ਵਿਸ਼ਾ: ਅੱਧੇ ਦਿਨ ਦੀ ਛੁੱਟੀ ਲੈਣ ਲਈ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਨੂੰ ਘਰ ਵਿੱਚ ਇੱਕ ਜ਼ਰੂਰੀ ਕੰਮ ਪੈ ਗਿਆ ਹੈ; ਇਸ ਕਰਕੇ ਮੈਨੂੰ ਚੌਥੀ ਘੰਟੀ ਤੋਂ ਮਗਰੋਂ ਅੱਧੇ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ,
............ਸਿੱਧ,
ਰੋਲ ਨੰ: ........,

ਮਿਤੀ: ......ਅਪ੍ਰੈਲ, 20..... ਜਮਾਤ ........।

Scanned by CamScanner

ਆਪਣੇ ਮਿੱਤਰ ਜਾਂ ਸਹੇਲੀ ਨੂੰ ਜਮਾਤ ਵਿੱਚੋਂ ਪਾਸ ਹੋਣ 'ਤੇ ਵਧਾਈ ਪੱਤਰ ਲਿਖੋ।

ਸਰਕਾਰੀ ...... ਸਕੂਲ,
................।
.....ਅਪ੍ਰੈਲ, 20.....

ਪਿਆਰੇ ਰਾਜਨ,

ਸਤਿ ਸ੍ਰੀ ਅਕਾਲ।

ਅੱਜ ਹੀ ਚਾਚਾ ਜੀ ਦੀ ਚਿੱਠੀ ਮਿਲੀ, ਪੜ੍ਹ ਕੇ ਬੜੀ ਹੀ ਖ਼ੁਸ਼ੀ ਹੋਈ ਕਿ ਤੂੰ ..... ਜਮਾਤ ਬਹੁਤ ਵਧੀਆ ਗ੍ਰੇਡ ਵਿੱਚ ਪਾਸ ਕਰ ਲਈ ਹੈ। ਤੇਰੇ ਇਸ ਸਾਲ ਦੇ ਸ਼ਾਨਦਾਰ ਨਤੀਜੇ ਲਈ ਮੇਰੇ ਵੱਲੋਂ ਵਧਾਈ ਹੋਵੇ। ਸਾਡੇ ਘਰ ਦੇ ਸਾਰੇ ਮੈਂਬਰ ਤੇਰੇ ਪਾਸ ਹੋਣ 'ਤੇ ਬਹੁਤ ਖ਼ੁਸ਼ ਹਨ।

ਆਪਣੇ ਮਾਤਾ-ਪਿਤਾ ਨੂੰ ਮੇਰੇ ਵੱਲੋਂ ਵਧਾਈ ਦੇਣੀ। ਤੇਰੇ ਵਰਗੇ ਮਿਹਨਤੀ ਅਤੇ ਆਗਿਆਕਾਰ ਵਿਦਿਆਰਥੀ 'ਤੇ ਅਧਿਆਪਕਾਂ ਅਤੇ ਮਾਤਾ-ਪਿਤਾ ਨੂੰ ਹਮੇਸ਼ਾਂ ਮਾਣ ਹੁੰਦਾ ਹੈ।

ਤੂੰ ਮੇਰੇ ਕੋਲ਼ ਪਾਰਟੀ ਦੇਣ ਲਈ ਕਦੋਂ ਆ ਰਿਹਾ ਹੈਂ? ਮੈਂ ਹਰ ਵੇਲ਼ੇ ਤੇਰੀ ਉਡੀਕ ਕਰ ਰਿਹਾ ਹਾਂ।

ਤੇਰਾ ਮਿੱਤਰ,
..........।

ਰਾਜਨ,
ਸਪੁੱਤਰ ਸ੍ਰੀ ਮੋਹਨ ਲਾਲ,
ਪਿੰਡ ਤੇ ਡਾ. ਕੱਬਰਵੱਛਾ,
ਜ਼ਿਲ੍ਹਾ ਫ਼ਿਰੋਜ਼ਪੁਰ।
ਪੰਜਾਬ – 142060.




Scanned by CamScanner

ਮੁੱਖ ਅਧਿਆਪਕ ਜੀ ਨੂੰ ਆਪਣਾ ਸੈਕਸ਼ਨ ਬਦਲਣ ਲਈ ਬੇਨਤੀ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ..... ਸਕੂਲ,
............।

ਵਿਸ਼ਾ: ਸੈਕਸ਼ਨ ਬਦਲਣ ਸੰਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਅਤੇ ਮੇਰੀ ਭੈਣ ਰਾਣੀ ਕੌਰ ਰੋਲ ਨੰ: 15 ਆਪ ਜੀ ਦੇ ਸਕੂਲ ਵਿੱਚ ਅੱਠਵੀਂ ਜਮਾਤ ਵਿੱਚ ਪੜ੍ਹਦੇ ਹਾਂ। ਪਰ ਬੀਤੇ ਹਫ਼ਤੇ ਬਣੇ ਨਵੇਂ ਸੈਕਸ਼ਨਾਂ ਵਿੱਚ ਮੇਰਾ ਰੋਲ ਨੰਬਰ 'ਏ' ਸੈਕਸ਼ਨ ਵਿੱਚ ਸ਼ਾਮਲ ਹੋ ਗਿਆ ਹੈ ਤੇ ਮੇਰੀ ਭੈਣ ਦਾ ਰੋਲ ਨੰਬਰ 'ਬੀ' ਸੈਕਸ਼ਨ ਵਿੱਚ ਚਲਾ ਗਿਆ ਹੈ। ਸਾਡੇ ਦੋਵਾਂ ਕੋਲ ਕੁਝ ਕਿਤਾਬਾਂ ਸਾਂਝੀਆਂ ਹਨ, ਜਿਸ ਕਰਕੇ ਅਸੀਂ ਦੋਵੇਂ ਵੱਖ-ਵੱਖ ਸੈਕਸ਼ਨਾਂ ਵਿੱਚ ਨਹੀਂ ਪੜ੍ਹ ਸਕਦੇ ਅਤੇ ਗ਼ਰੀਬੀ ਹੋਣ ਕਾਰਨ ਸਾਡੇ ਘਰਦੇ ਸਾਨੂੰ ਵੱਖ-ਵੱਖ ਕਿਤਾਬਾਂ ਵੀ ਖ਼ਰੀਦ ਕੇ ਨਹੀਂ ਦੇ ਸਕਦੇ। ਇਸ ਕਰਕੇ ਬੇਨਤੀ ਹੈ ਕਿ ਆਪ ਮੈਨੂੰ ਮੇਰੀ ਭੈਣ ਵਾਲ਼ੇ ਸੈਕਸ਼ਨ 'ਬੀ' ਵਿੱਚ ਭੇਜ ਦੇਵੋ। ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ,
.................,
ਰੋਲ ਨੰ: ......,
ਜਮਾਤ ਅੱਠਵੀਂ 'ਏ'।

ਮਿਤੀ: ..... ਅਪ੍ਰੈਲ, 20....

Scanned by CamScanner

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ....... ਸਕੂਲ,
..........।

ਵਿਸ਼ਾ : ਬਿਮਾਰੀ ਦੀ ਛੁੱਟੀ ਲੈਣ ਲਈ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਕੱਲ ਵਾਤਾਵਰਨ ਵਿੱਚ ਵਧੇ ਹੋਏ ਪ੍ਰਦੂਸ਼ਣ ਕਾਰਨ ਮੈਨੂੰ ਖੰਘ-ਜ਼ੁਕਾਮ ਹੋ ਗਿਆ ਹੈ। ਇਸ ਕਰਕੇ ਮੈਂ ਅੱਜ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦਾ। ਕਿਰਪਾ ਕਰਕੇ ਮੈਨੂੰ ਇੱਕ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ,
............,
ਰੋਲ ਨੰ: .....,
ਜਮਾਤ .........।

ਮਿਤੀ: .... ਮਈ, 20.....

Scanned by CamScanner

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਆਪਣੀ ਵੱਡੀ ਭੈਣ ਜਾਂ ਵੱਡੇ ਭਰਾ ਦੇ ਵਿਆਹ 'ਤੇ ਚਾਰ ਦਿਨ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ..... ਸਕੂਲ,
.......... ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੇਰੀ ਵੱਡੀ ਭੈਣ / ਭਰਾ ਦਾ ਵਿਆਹ 15 ਮਈ 20.... ਨੂੰ ਹੋਣਾ ਨਿਯਤ ਹੋਇਆ ਹੈ। ਘਰ ਵਿੱਚ ਮੇਰੇ ਪਿਤਾ ਜੀ ਤੋਂ ਇਲਾਵਾ ਹੋਰ ਕੋਈ ਵੀ ਵਿਆਹ ਦੇ ਪ੍ਰਬੰਧ ਕਰਨ ਵਾਲਾ ਨਹੀਂ ਹੈ। ਪਿਤਾ ਜੀ ਦੀ ਮਦਦ ਕਰਨ ਅਤੇ ਵਿਆਹ ਸੰਬੰਧੀ ਕੰਮਾਂ-ਕਾਜਾਂ ਲਈ ਮੈਨੂੰ ਘਰ ਵਿੱਚ ਬਹੁਤ ਸਾਰੇ ਕੰਮ ਹਨ। ਇਸ ਕਰਕੇ ਮੈਂ ਸਕੂਲ ਨਹੀਂ ਆ ਸਕਦਾ। ਕਿਰਪਾ ਕਰਕੇ ਮੈਨੂੰ 13 ਤੋਂ 16 ਮਈ ਤਕ ਚਾਰ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,
.............. ,
ਰੋਲ ਨੰ ...... ,
ਜਮਾਤ ....... ।

ਮਿਤੀ: 11 ਮਈ, 20.....

Scanned by CamScanner

ਆਪਣੇ ਪਿਤਾ ਜੀ ਤੋਂ ਕਿਤਾਬਾਂ ਅਤੇ ਕਾਪੀਆਂ ਖ਼ਰੀਦਣ ਲਈ ਪੈਸੇ ਮੰਗਵਾਉਣ ਲਈ ਚਿੱਠੀ ਲਿਖੋ।

ਸਰਕਾਰੀ ....... ਸਕੂਲ,
...............
3 ਮਾਰਚ, 20.....

ਸਤਿਕਾਰਯੋਗ ਪਿਤਾ ਜੀ,
ਸਤਿ ਸ੍ਰੀ ਅਕਾਲ।

ਆਪ ਜੀ ਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਵੇਗੀ ਕਿ ਮੈਂ 'ਏ' ਗਰੇਡ ਹਾਸਲ ਕਰਦਿਆਂ ਛੇਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਲਿਆ ਹੈ। ਮੈਂ ਹੁਣ ਸੱਤਵੀਂ ਜਮਾਤ ਵਿੱਚ ਵੀ ਦਾਖ਼ਲ ਹੋਣਾ ਹੈ ਅਤੇ ਨਵੀਆਂ ਕਿਤਾਬਾਂ ਕਾਪੀਆਂ ਆਦਿ ਲੈਣੀਆਂ ਹਨ। ਆਪ ਜਲਦੀ ਤੋਂ ਜਲਦੀ ਮੈਨੂੰ 1500 ਰੁਪਏ ਭੇਜ ਦੇਵੋ। 1 ਅਪ੍ਰੈਲ ਤੋਂ ਸਾਡੀ ਸੱਤਵੀਂ ਜਮਾਤ ਦੀ ਪੜ੍ਹਾਈ ਸ਼ੁਰੂ ਹੋ ਰਹੀ ਹੈ।

ਮਾਤਾ ਜੀ, ਸੋਨੂੰ ਅਤੇ ਰਾਣੀ ਵੱਲੋਂ ਆਪ ਜੀ ਨੂੰ ਸਤਿ ਸ੍ਰੀ ਅਕਾਲ।

ਆਪ ਦਾ ਸਪੁੱਤਰ,
ਬੋਹੜ ਸਿੰਘ।




ਸ੍ਰ. ਮਨਮੋਹਨ ਸਿੰਘ,
2315, ਨਿਊ ਕਲੋਨੀ,
ਮੁੱਦਕੀ।
ਜ਼ਿਲ੍ਹਾ, ਤਹਿਸੀਲ: ਫ਼ਿਰੋਜ਼ਪੁਰ
ਪੰਜਾਬ – 142060

Scanned by CamScanner

ਪ੍ਰਕਾਸ਼ਕ ਤੋਂ ਪੁਸਤਕਾਂ ਮੰਗਵਾਉਣ ਲਈ ਪੱਤਰ ਲਿਖੋ।

ਸੇਵਾ ਵਿਖੇ

ਲਾਹੌਰ ਬੁੱਕ ਸ਼ਾਪ,
2, ਲਾਜਪਤ ਰਾਏ ਮਾਰਕੀਟ,
ਲੁਧਿਆਣਾ।

ਸ੍ਰੀਮਾਨ ਜੀ,

ਮੈਨੂੰ ਹੇਠ ਲਿਖੀਆਂ ਕਿਤਾਬਾਂ ਜਲਦੀ ਤੋਂ ਜਲਦੀ ਵੀ. ਪੀ.ਪੀ. ਕਰ ਕੇ ਭੇਜ ਦਿਓ। ਕਿਤਾਬਾਂ ਦਾ ਐਡੀਸ਼ਨ ਨਵਾਂ ਤੇ ਉਹਨਾਂ ਦੀਆਂ ਜਿਲਦਾਂ ਮਜ਼ਬੂਤ ਹੋਣੀਆਂ ਚਾਹੀਦੀਆਂ ਹਨ। ਛਪਾਈ ਸਾਫ਼-ਸੁਥਰੀ ਹੋਵੇ। ਕੀਮਤ ਵੀ ਵਾਜਬ ਹੀ ਲੱਗਣੀ ਚਾਹੀਦੀ ਹੈ ਅਤੇ ਲੋੜੀਂਦਾ ਕਮਿਸ਼ਨ ਕੱਟ ਦਿੱਤਾ ਜਾਵੇ।

ਕਿਤਾਬਾਂ ਦੀ ਸੂਚੀ

| | |
|---|---|
| 1. ਪੰਜਾਬੀ ਵਿਆਕਰਨ ਤੇ ਲੇਖ ਰਚਨਾ | 1 ਪੁਸਤਕ |
| 2. ਪੰਜਾਬੀ ਸ਼ਬਦ ਜੋੜ ਕੋਸ਼ | " |
| 3. ਪੰਜਾਬੀ ਮੁਹਾਵਰਾ ਅਤੇ ਅਖਾਣ ਕੋਸ਼ | " |
| 4. ਭਾਸ਼ਾ ਅਤੇ ਭਾਸ਼ਾ ਵਿਗਿਆਨ | " |

ਧੰਨਵਾਦ ਸਹਿਤ।

ਆਪ ਦਾ ਵਿਸ਼ਵਾਸ-ਪਾਤਰ,
ਮਹਿਨਾਜ਼ਦੀਪ ਸਿੰਘ,
ਸਪੁੱਤਰ ਸ. ਜਗਤਾਰ ਸਿੰਘ,
ਪਿੰਡ ਤੇ ਡਾਕਖਾਨਾ ਭੋਲੂਵਾਲਾ,
ਤਹਿ ਤੇ ਜ਼ਿਲ੍ਹਾ - ਫ਼ਿਰੋਜ਼ਪੁਰ,
ਪੰਜਾਬ - 142050.

Scanned by CamScanner

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜੁਰਮਾਨੇ ਦੀ ਮੁਆਫ਼ੀ ਲਈ ਇੱਕ ਬੇਨਤੀ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ...... ਸਕੂਲ,
.........।

ਵਿਸ਼ਾ :- ਜੁਰਮਾਨਾ ਮੁਆਫ਼ ਕਰਨ ਸੰਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਕੱਲ੍ਹ ਅੱਧੀ ਛੁੱਟੀ ਵੇਲੇ ਖੇਡਦੇ ਸਮੇਂ ਗਲ਼ਤੀ ਨਾਲ਼ ਮੈਥੋਂ ਅਤੇ ਮੇਰੇ ਸਾਥੀਆਂ ਕੋਲੋਂ ਸਕੂਲ ਵਿੱਚ ਫੁੱਟਬਾਲ ਵੱਜਣੇ ਲਾਲੋਂ ਕੁਛ ਗਮਲੇ ਟੁੱਟ ਗਏ। ਜਿਸ ਕਾਰਨ ਸਾਡੀ ਜਮਾਤ ਦੇ ਇੰਚਾਰਜ ਅਧਿਆਪਕ ਜੀ ਨੇ ਸਾਨੂੰ ਸਾਰਿਆਂ ਨੂੰ 100-100 ਰੁਪਏ ਜੁਰਮਾਨਾ ਕਰ ਦਿੱਤਾ। ਮੇਰੇ ਪਿਤਾ ਜੀ ਬਹੁਤ ਗ਼ਰੀਬ ਹਨ ਅਤੇ ਸਾਡੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ਼ ਹੁੰਦਾ ਹੈ। ਉਹ ਸਾਡਾ ਜੁਰਮਾਨਾ ਨਹੀਂ ਭਰ ਸਕਦੇ।

ਇਹ ਸੇਡੀ ਪਹਿਲੀ ਗਲ਼ਤੀ ਹੈ, ਅੱਗੋਂ ਤੋਂ ਅਜਿਹੀ ਗਲ਼ਤੀ ਦੁਬਾਰਾ ਨਹੀਂ ਕਰਾਂਗੇ। ਕਿਰਪਾ ਕਰਕੇ ਸੇਡਾ ਜੁਰਮਾਨਾ ਮੁਆਫ਼ ਕਰ ਦਿੱਤਾ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,
............,
ਰੋਲ ਨੰ: .....,
ਜਮਾਤ .......।

ਮਿਤੀ: ...ਮਈ, 20....

ਗੁਆਚੇ ਬੈਗ ਦੀ ਭਾਲ ਲਈ ਥਾਣਾ ਮੁੱਖੀ ਨੂੰ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਥਾਣਾ ਅਫ਼ਸਰ,
ਸਦਰ ਥਾਣਾ,
.........।

ਵਿਸ਼ਾ: ਗੁਆਚਿਆ ਬੈਗ ਲੱਭਣ ਸੰਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਮੇਰਾ ਬੈਗ ਗੁੰਮ ਹੋ ਗਿਆ ਹੈ। ਹੋਇਆ ਇਸ ਤਰ੍ਹਾਂ ਕਿ ਮੈਂ ਆਪਣੇ ਪਿਤਾ ਜੀ ਦੇ ਨਾਲ਼ ਚੰਡੀਗੜ੍ਹ ਜਾਣਾ ਸੀ। ਸਵੇਰੇ ਸਵੱਖਤੇ ਹੀ ਅਸੀਂ ਰਿਕਸ਼ੇ 'ਤੇ ਬੈਠ ਕੇ ਬੱਸ ਸਟੈਂਡ ਵੱਲ ਰਵਾਨਾ ਹੋਏ। ਰਸਤੇ ਵਿੱਚ ਜਾਂਦਿਆਂ ਕਿੱਧਰੇ ਮੇਰਾ ਬੈਗ ਡਿੱਗ ਪਿਆ, ਜਿਸ ਦਾ ਪਤਾ ਸਾਨੂੰ ਬੱਸ ਸਟੈਂਡ 'ਤੇ ਪਹੁੰਚ ਕੇ ਲੱਗਿਆ।

ਮੇਰਾ ਬੈਗ ਬੱਦਰ-ਕੇਸਮੈਂਟ ਦਾ ਬਣਿਆ ਹੋਇਆ ਹੈ, ਜਿਸ ਤੇ ਹੱਥ ਦੀ ਕਢਾਈ ਨਾਲ ਫੁੱਲ-ਬੂਟੀਆਂ ਪਾਈਆਂ ਹੋਈਆਂ ਹਨ। ਬੈਗ ਵਿੱਚ ਮੇਰੇ ਸਰਟੀਫਿਕੇਟ ਅਤੇ ਕੱਪੜੇ ਸਨ।

ਜ਼ਰੂਰੀ ਕਾਗਜ਼ਾਤ ਗੁੰਮ ਹੋ ਜਾਣ ਕਾਰਨ ਸਾਡਾ ਸਾਰਾ ਪਰਿਵਾਰ ਬਹੁਤ ਪਰੇਸ਼ਾਨ ਹੈ। ਕਿਰਪਾ ਕਰਕੇ ਆਪ ਜੀ ਮੇਰਾ ਬੈਗ ਛੇਤੀ ਤੋਂ ਛੇਤੀ ਲੱਭਣ ਦੀ ਖੇਚਲ ਕਰਨੀ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਵਿਸ਼ਵਾਸਪਾਤਰ,
............,
ਪਿੰਡ .........,
ਤਹਿ ਤੇ ਜ਼ਿਲ੍ਹਾ ......।

ਮਿਤੀ: ..... ਜੁਲਾਈ, 20....

Scanned by CamScanner

ਗੁਆਚੇ ਸਾਈਕਲ ਦੀ ਭਾਲ਼ ਲਈ ਥਾਣਾ ਮੁੱਖੀ ਨੂੰ ਪੱਤਰ ਲਿਖੋ।

ਸੇਵਾ ਵਿਖੇ

ਐੱਸ. ਐੱਚ. ਓ. ਸਾਹਿਬ,
ਸਦਰ ਥਾਣਾ,
........।

ਵਿਸ਼ਾ : ਸਾਈਕਲ ਗੁਆਚ ਜਾਣ ਸੰਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੇਰਾ ਸਾਈਕਲ ਗੁੰਮ ਹੋ ਗਿਆ ਹੈ। ਮੈਂ ਅੱਜ ਸਵੇਰੇ 6 ਵਜੇ ਆਪਣੇ ਦੋਸਤਾਂ ਨਾਲ਼ ਸਾਈਕਲਿੰਗ ਕਰਦਿਆਂ ਹੋਇਆਂ ਨੈਸ਼ਨਲ ਪਾਰਕ ਵਿੱਚ ਪਹੁੰਚਿਆ। ਪਾਰਕ ਵਿੱਚ ਮੈਂ ਆਪਣੇ ਸਾਈਕਲ ਨੂੰ ਸਟੈਂਡ ਵਿੱਚ ਜਿੰਦਰਾ ਮਾਰ ਕੇ ਖੜ੍ਹਾ ਕਰ ਦਿੱਤਾ। ਪਰ ਜਦੋਂ ਮੈਂ 6:30 ਵਜੇ ਸਟੈਂਡ ਤੇ ਪਹੁੰਚ ਕੇ ਦੇਖਿਆ ਤਾਂ ਉੱਥੇ ਮੇਰਾ ਸਾਈਕਲ ਨਹੀਂ ਸੀ। ਮੈਂ ਆਸੇ-ਪਾਸੇ ਵੀ ਬਹੁਤ ਭਾਲ਼ ਕੀਤੀ। ਮੈਨੂੰ ਲੱਗਦਾ ਹੈ ਕੋਈ ਚੋਰ ਮੇਰਾ ਸਾਈਕਲ ਲੈ ਗਿਆ ਹੈ।

ਮੇਰਾ ਸਾਈਕਲ 'ਹੀਰੋ' ਕੰਪਨੀ ਦਾ ਕਾਲ਼ੇ ਰੰਗ ਦਾ ਹੈ, ਜਿਸ ਦਾ ਨੰ. 334066 ਹੈ। ਇਸ ਦਾ ਬਿਲ ਮੇਰੇ ਕੋਲ਼ ਹੈ। ਇਸ ਦੇ ਫਰੇਮ ਉੱਤੇ ਵਾਤਾਵਰਨ ਬਚਾਓ ਸੰਬੰਧੀ ਸਟਿੱਕਰ ਲੱਗੇ ਹੋਏ ਹਨ।

ਮੈਂ ਆਸ ਕਰਦਾ ਹਾਂ ਕਿ ਆਪ ਆਪਣੇ ਕਰਮਚਾਰੀਆਂ ਨੂੰ ਹੁਕਮ ਦੇ ਕੇ ਮੇਰਾ ਸਾਈਕਲ ਲਭਾਉਣ ਵਿੱਚ ਪੂਰੀ-ਪੂਰੀ ਮਦਦ ਕਰੋਗੇ।

ਧੰਨਵਾਦ ਸਹਿਤ।

ਆਪ ਜੀ ਦਾ ਵਿਸ਼ਵਾਸ ਪਾਤਰ,
..........ਸਿੰਘ,
ਪਿੰਡ ........,
ਤਹਿਸੀਲ ਤੇ ਜ਼ਿਲ੍ਹਾ ........।

ਮਿਤੀ: ....ਜੁਲਾਈ, 20....

Scanned by CamScanner

# ਪਿਤਾ ਜੀ ਤੋਂ ਟੂਰ 'ਤੇ ਜਾਣ ਲਈ ਆਗਿਆ ਪੱਤਰ।

ਪ੍ਰੀਖਿਆ ਭਵਨ,
ਸਰਕਾਰੀ ਮਿਡਲ ਸਕੂਲ,
ਕੱਖਰ ਵੱਛਾ।
17 ਨਵੰਬਰ, 2012.

ਸਤਿਕਾਰਯੋਗ ਪਿਤਾ ਜੀ,

ਸਤਿ ਸ੍ਰੀ ਅਕਾਲ।

ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਜਾ ਰਿਹਾ ਹੈ। ਸਾਡੇ ਇੰਚਾਰਜ ਅਧਿਆਪਕ ਜੀ ਦੀ ਅਗਵਾਈ ਹੇਠ ਸਾਡੀ ਸਾਰੀ ਜਮਾਤ ਇਸ ਟੂਰ 'ਤੇ ਜਾ ਰਹੀ ਹੈ। ਇਹ ਸਮਾਰਕ ਭਾਰਤ-ਪਾਕਿਸਤਾਨ ਦੇ ਬਾਰਡਰ ਤੇ ਸ਼ਹੀਦ ਸ੍ਰ. ਭਗਤ ਸਿੰਘ ਜੀ ਦੀ ਸ਼ਹੀਦੀ ਨਾਲ ਸੰਬੰਧਿਤ ਹੈ। ਸ਼ਹੀਦੀ ਸਮਾਰਕ ਤੇ ਸ਼ਰਧਾਂਜਲੀ ਭੇਂਟ ਕਰਨ ਮਗਰੋਂ ਬਾਰਡਰ ਤੇ ਹੋਣ ਵਾਲੀ ਰੀ-ਟਰੀਟਮੈਂਟ ਦੀ ਰਸਮ ਵੀ ਦੇਖੀ ਜਾਣੀ ਹੈ।

ਮੈਂ ਵੀ ਇਸ ਵਿੱਦਿਅਕ ਟੂਰ 'ਤੇ ਜਾਣ ਲਈ ਆਪ ਜੀ ਦੀ ਆਗਿਆ ਚਾਹੁੰਦਾ ਹਾਂ। ਜੇਕਰ ਆਪ ਮੈਨੂੰ ਇਜਾਜ਼ਤ ਦੇਵੋਂ ਤਾਂ ਮੈਂ ਵੀ ਇਸ ਟੂਰ ਤੇ ਜਾ ਸਕਾਂਗਾ। ਮੇਰੇ ਵੱਲੋਂ ਮਾਤਾ ਜੀ ਨੂੰ ਪ੍ਰਣਾਮ।

ਆਪ ਦਾ ਸਪੁੱਤਰ,
........।

# ਸਕੂਲ ਵਿੱਚ ਦਾਖ਼ਲ ਹੋਣ ਸੰਬੰਧੀ ਮੁੱਖ ਅਧਿਆਪਕ ਜੀ ਨੂੰ ਬਿਨੈ-ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ਮਿਡਲ ਸਕੂਲ,
ਕੱਬਰਵੱਛਾ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਪੰਜਵੀਂ ਸ਼੍ਰੇਣੀ ਪਾਸ ਕਰ ਲਈ ਹੈ ਅਤੇ ਹੁਣ ਆਪ ਜੀ ਦੇ ਸਕੂਲ ਵਿੱਚ ਛੇਵੀਂ ਸ਼੍ਰੇਣੀ ਵਿੱਚ ਦਾਖ਼ਲ ਹੋਣਾ ਚਾਹੁੰਦਾ ਹਾਂ। ਕ੍ਰਿਪਾ ਕਰਕੇ ਮੈਨੂੰ ਛੇਵੀਂ ਸ਼੍ਰੇਣੀ ਵਿੱਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਮੈਂ ਆਪਣੀ ਪੜ੍ਹਾਈ ਜਾਰੀ ਰੱਖ ਸਕਾਂ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,

ਮਿਤੀ: ............ ..............।

Scanned by CamScanner

# ਦੋਸਤ ਦੇ ਪਿਤਾ ਜੀ ਦੀ ਮੌਤ ਤੇ ਅਫਸੋਸ ਪੱਤਰ

..........ਸਕੂਲ,
..............।
..............

ਪਿਆਰੇ ਦੋਸਤ......

ਸਤਿ ਸ੍ਰੀ ਅਕਾਲ।

ਕਲ੍ਹ ਹੀ ਮੈਨੂੰ ਪਤਾ ਲੱਗਾ ਕਿ ਆਪ ਜੀ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ ਹੈ। ਮੈਨੂੰ ਸੁਣ ਕੇ ਬੜਾ ਅਫਸੋਸ ਹੋਇਆ। ਵਾਹਿਗੁਰੂ ਦੇ ਭਾਣੇ ਅੱਗੇ ਕਿਸੇ ਦਾ ਜ਼ੋਰ ਨਹੀਂ। ਸਭ ਨੂੰ ਆਪਣੇ ਵੱਡੇ-ਵਡੇਰਿਆਂ ਦਾ ਸਦਮਾ ਤੇ ਸਹਿਣਾ ਹੀ ਪੈਂਦਾ ਹੈ। ਜਦੋਂ ਸਵਾਸਾਂ ਰੂਪੀ ਪੂੰਜੀ ਖਤਮ ਹੋ ਜਾਂਦੀ ਹੈ ਤਾਂ ਇਨਸਾਨ ਨੂੰ ਇਸ ਸੰਸਾਰ 'ਚੋਂ ਜਾਣਾ ਹੀ ਪੈਂਦਾ ਹੈ। ਪਿਤਾ ਜੀ ਦਾ ਵਿਛੋੜਾ ਅਸਹਿ ਹੈ। ਪਰ ਭਾਣੇ ਨੂੰ ਮੰਨੇ ਬਗੈਰ ਕੋਈ ਚਾਰਾ ਨਹੀਂ। ਤੁਹਾਨੂੰ ਇਸ ਵਿਛੋੜੇ ਨੂੰ ਸਹਿਣਾ ਹੀ ਪੈਣਾ ਹੈ। ਤੁਹਾਡੇ ਪਿਤਾ ਜੀ ਬਹੁਤ ਹੀ ਨੇਕ ਤੇ ਮਿੱਠੇ ਸੁਭਾਅ ਦੇ ਸਨ। ਪਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ। ਮੈਂ ਇੱਕ ਵਾਰ ਫਿਰ ਉਨ੍ਹਾਂ ਨੂੰ ਪ੍ਰਣਾਮ ਕਰਦਾ ਹਾਂ ਤੇ ਪ੍ਰਾਰਥਨਾ ਕਰਦਾ ਹਾਂ ਕਿ ਪਰਮਾਤਮਾ ਸਾਰੇ ਪਰਿਵਾਰ ਨੂੰ ਇਸ ਔਖੀ ਘੜੀ 'ਚ ਭਾਣਾ ਮੰਨਣ ਦਾ ਬਲ ਬਖਸ਼ੇ।

ਤੇਰਾ ਦੋਸਤ,
.........।

Scanned by CamScanner

# ਹੋਸਟਲ ਵਿੱਚ ਰਹਿੰਦੇ ਛੋਟੇ ਭਰਾ ਨੂੰ ਟੀ.ਵੀ. ਘੱਟ ਦੇਖਣ ਦੀ ਹਿਦਾਇਤ ਕਰੋ।

ਸਰਕਾਰੀ ........ ਸਕੂਲ,

..................।

..... ਦਸੰਬਰ, 20....

ਪਿਆਰੇ ਨਰੇਸ਼,

ਕੱਲ੍ਹ ਤੁਹਾਡੇ ਹੋਸਟਲ ਵਾਰਡਨ ਦੀ ਚਿੱਠੀ ਮਿਲੀ, ਪੜ੍ਹ ਕੇ ਦੁੱਖ ਹੋਇਆ ਕਿ ਤੁਸੀਂ ਪੜ੍ਹਾਈ ਵੱਲ ਧਿਆਨ ਨਹੀਂ ਦੇ ਰਹੇ। ਅਧਿਆਪਕਾਂ ਵੱਲੋਂ ਕਰਵਾਏ ਗਏ ਕੰਮ ਦੀ ਦੁਹਰਾਈ ਨਹੀਂ ਕਰਦੇ ਸਗੋਂ ਵਿਹਲੇ ਸਮੇਂ ਟੀ.ਵੀ. ਹੀ ਦੇਖਦੇ ਰਹਿੰਦੇ ਹੋ।

ਛੋਟੇ ਵੀਰ! ਤੁਹਾਨੂੰ ਤਾਂ ਪਤਾ ਹੀ ਹੈ ਕਿ ਆਪਾਂ ਕਿੰਨੀਆਂ ਮੁਸ਼ਕਿਲਾਂ ਝੱਲ੍ਹ ਕੇ ਪੜ੍ਹ ਰਹੇ ਹਾਂ। ਘਰ ਦੀ ਹਾਲਤ ਬਾਰੇ ਤੁਸੀਂ ਚੰਗੀ ਤਰ੍ਹਾਂ ਜਾਣੂ ਹੋ। ਸਾਡੇ ਮਾਤਾ-ਪਿਤਾ ਦੀਆਂ ਆਸਾਂ ਸਾਡੇ ਤੇ ਨਿਰਭਰ ਹਨ। ਸੋ ਸਾਨੂੰ ਵੱਧ ਤੋਂ ਵੱਧ ਸਮਾਂ ਪੜ੍ਹਾਈ ਵੱਲ ਲਗਾਉਣਾ ਚਾਹੀਦਾ ਹੈ। ਟੀ.ਵੀ. ਤੇ ਅੱਜਕੱਲ੍ਹ ਕੋਈ ਬਹੁਤੇ ਸਾਰਥਕ ਪ੍ਰੋਗਰਾਮ ਨਹੀਂ ਆਉਂਦੇ। ਸਗੋਂ ਭੜਕਾਊ ਤੇ ਅਸ਼ਲੀਲ ਪ੍ਰੋਗਰਾਮਾਂ ਦੀ ਭਰਮਾਰ ਹੈ, ਜੋ ਸਾਡੇ 'ਤੇ ਬੁਰਾ ਪ੍ਰਭਾਵ ਪਾਉਂਦੇ ਹਨ। ਮੇਰੀ ਤੁਹਾਨੂੰ ਇਹੀ ਹਿਦਾਇਤ ਹੈ ਕਿ ਤੁਸੀਂ ਟੀ.ਵੀ. ਦੇਖਣਾ ਬੰਦ ਕਰੋ ਅਤੇ ਪੜ੍ਹਾਈ ਵਿੱਚ ਜੁੱਟ ਜਾਓ। ਉਮੀਦ ਹੈ ਕਿ ਅੱਗੇ ਤੋਂ ਮੈਨੂੰ ਤੁਹਾਡੀ ਕੋਈ ਵੀ ਸ਼ਿਕਾਇਤ ਨਹੀਂ ਮਿਲੇਗੀ।

ਬੜੇ ਹੀ ਨਿੱਘੇ ਪਿਆਰ ਨਾਲ,

ਤੁਹਾਡਾ ਵੀਰ,

..............।

Scanned by CamScanner

# ਮਿੱਤਰ ਨੂੰ ਉਸ ਦੇ ਜਨਮ ਦਿਨ ਦੀ ਪਾਰਟੀ ਵਿੱਚ ਸ਼ਾਮਲ ਨਾ ਹੋ ਸਕਣ ਬਾਰੇ ਮੁਆਫ਼ੀ ਪੱਤਰ ਲਿਖੋ।

ਸਰਕਾਰੀ ਮਿਡਲ ਸਕੂਲ,
ਕੱਬਰ ਵੱਛਾ।
1..... ਦਸੰਬਰ, 20.....

ਪਿਆਰੇ ਸਿਕੰਦਰ,

ਮੈਨੂੰ ਪਤਾ ਹੈ ਕਿ ਮੇਰੇ ਵੱਲੋਂ ਤੁਹਾਡੇ ਜਨਮ-ਦਿਨ ਦੀ ਪਾਰਟੀ ਵਿੱਚ ਸ਼ਾਮਲ ਨਾ ਹੋ ਸਕਣ 'ਤੇ ਤੁਸੀਂ ਮੇਰੇ ਨਾਲ਼ ਨਰਾਜ਼ ਹੋਵੋਗੇ, ਤੁਹਾਡੀ ਨਰਾਜ਼ਗੀ ਜਾਇਜ਼ ਹੈ ਪਰ ਮੈਂ ਮਜ਼ਬੂਰੀ ਕਾਰਨ ਨਹੀਂ ਆ ਸਕਿਆ। ਮੇਰਾ ਬੜਾ ਦਿਲ ਕਰਦਾ ਸੀ ਕਿ ਮੈਂ ਜਨਮ ਦਿਨ ਦੀ ਪਾਰਟੀ ਤੋਂ ਇੱਕ ਦਿਨ ਪਹਿਲਾਂ ਹੀ ਤੁਹਾਡੇ ਕੋਲ਼ ਆ ਜਾਵਾਂ ਪਰ ਮੈਂ ਪਾਰਟੀ ਵਾਲ਼ੇ ਦਿਨ ਤੋਂ ਹਫ਼ਤਾ ਪਹਿਲਾਂ ਹੀ ਬਿਮਾਰ ਹੋ ਗਿਆ ਸੀ। ਡਾਕਟਰ ਨੇ ਮੈਨੂੰ 15 ਦਿਨ ਮੁਕੰਮਲ ਅਰਾਮ ਕਰਨ ਦੀ ਹਦਾਇਤ ਕੀਤੀ, ਜਿਸ ਕਾਰਨ ਮੈਂ ਮਜ਼ਬੂਰ ਹੋ ਗਿਆ। ਮੈਂ ਠੀਕ ਹੋਣ ਉਪਰੰਤ ਜਲਦੀ ਮਿਲਣ ਆਵਾਂਗਾ।

ਮੈਨੂੰ ਉਮੀਦ ਹੈ ਕਿ ਆਪ ਮੇਰੀ ਇਸ ਮਜ਼ਬੂਰੀ ਨੂੰ ਸਮਝੋਗੇ ਅਤੇ ਮੈਨੂੰ ਮੁਆਫ਼ ਕਰ ਦੇਵੋਗੇ। ਮੇਰੇ ਵੱਲੋਂ ਤੁਹਾਡੇ ਮਾਤਾ-ਪਿਤਾ ਜੀ ਮੱਥਾ ਟੇਕਣਾ।

ਤੁਹਾਡਾ ਦੋਸਤ,
ਰਾਮ ਸਿੰਘ।

# ਮਿੱਤਰ/ਸਹੇਲੀ ਨੂੰ ਉਸ ਦੇ ਭਰਾ ਦੇ ਵਿਆਹ ਵਿੱਚ ਸ਼ਾਮਲ ਨਾ ਹੋ ਸਕਣ ਬਾਰੇ ਮੁਆਫ਼ੀ ਪੱਤਰ ਲਿਖੋ।

ਸਰਕਾਰੀ ..... ਸਕੂਲ,
............।
....ਦਸੰਬਰ, 20.....

ਪਿਆਰੀ ਸੋਨੂੰ,

ਮੈਨੂੰ ਪਤਾ ਹੈ ਕਿ ਤੁਸੀਂ ਮੇਰੇ ਵੱਲੋਂ ਤੁਹਾਡੇ ਭਰਾ ਦੇ ਵਿਆਹ ਵਿੱਚ ਸ਼ਾਮਲ ਨਾ ਹੋ ਸਕਣ 'ਤੇ ਮੇਰੇ ਨਾਲ਼ ਨਰਾਜ਼ ਹੋਵੋਗੇ। ਤੁਹਾਡੀ ਨਰਾਜ਼ਗੀ ਜਾਇਜ਼ ਹੈ ਪਰ ਮੈਂ ਮਜ਼ਬੂਰੀ ਕਾਰਨ ਸ਼ਾਮਲ ਨਾ ਹੋ ਸਕੀ। ਮੇਰਾ ਬੜਾ ਜੀਅ ਕਰਦਾ ਸੀ ਕਿ ਮੈਂ ਵਿਆਹ ਤੋਂ ਦੋ ਦਿਨ ਪਹਿਲਾਂ ਹੀ ਤੁਹਾਡੇ ਕੋਲ਼ ਪਹੁੰਚ ਜਾਵਾਂ ਅਤੇ ਰੱਜਕੇ ਵਿਆਹ ਦਾ ਅਨੰਦ ਮਾਣਾਂ। ਮੈਂ ਪੂਰੀ ਤਿਆਰੀ ਕਰ ਲਈ ਸੀ ਪਰ ਮੈਂ ਵਿਆਹ ਤੋਂ ਹਫ਼ਤਾ ਪਹਿਲਾਂ ਹੀ ਬਿਮਾਰ ਹੋ ਗਈ ਜਿਸ ਕਾਰਨ ਡਾਕਟਰ ਨੇ ਮੈਨੂੰ 15 ਦਿਨ ਆਰਾਮ ਕਰਨ ਦੀ ਹਦਾਇਤ ਕੀਤੀ। ਇਸ ਕਰਕੇ ਮੈਂ ਮਜ਼ਬੂਰ ਹੋ ਗਈ। ਮੈਂ ਠੀਕ ਹੋਣ ਉਪਰੰਤ ਜਲਦੀ ਹੀ ਤੁਹਾਨੂੰ ਮਿਲਣ ਆਵਾਂਗੀ।

ਮੈਨੂੰ ਉਮੀਦ ਹੈ ਕਿ ਆਪ ਮੇਰੀ ਇਸ ਮਜ਼ਬੂਰੀ ਨੂੰ ਸਮਝੋਗੇ ਅਤੇ ਮੈਨੂੰ ਮੁਆਫ਼ ਕਰੋਗੇ। ਮੇਰੇ ਵੱਲੋਂ ਤੁਹਾਡੇ ਮਾਤਾ-ਪਿਤਾ ਜੀ ਅਤੇ ਸਾਰੇ ਪਰਿਵਾਰ ਨੂੰ ਮੱਥਾ ਟੇਕਣਾ।

ਤੁਹਾਡੀ ਸਹੇਲੀ,
ਰੀਤੂ ਰਾਣੀ।

Scanned by CamScanner